# ਸਰਹਿੰਦ ਫਤਹਿ

**ਇਸੇ ਕਲਮ ਤੋਂ :-**

| | |
|---|---|
| ਸਮਿਆਂ ਤੋਂ ਪਾਰ | (ਕਾਵਿ ਪੁਸਤਕ) |
| ਬੰਦਾ ਬਹਾਦਰ | (ਨਾਟਕ) |
| ਕੀ ਨਦੀਆਂ ਦਾ ਨਾਂ | (ਸ਼ਾਹਮੁਖੀ ਵਿਚ ਕਵਿਤਾ) |
| ਸਮਿਆਂ ਤੋਂ ਪਾਰ | (ਸ਼ਾਹਮੁਖੀ ਵਿਚ ਕਵਿਤਾ) |
| ਸੂਰਜ ਨਹੀਂ ਮੋਇਆ | (ਕਾਵਿ-ਸੰਗ੍ਰਹਿ) |

# ਸਰਹਿੰਦ ਫਤਹਿ

(ਨਾਟਕ)

ਪਿਆਰਾ ਸਿੰਘ ਕੁੱਦੋਵਾਲ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***Sarhind Fateh***

***by***

**Piara Singh Kudowal** ©
33 Bonistel Crescent
Brampton ON, L7A3G8
Ph : 647-278-4477
E-mail: pskudowal@yahoo.com

**ISBN : 978-93-5112-173-2**

**Rs. 125/-**

**2016**

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

# ਸਮਰਪਣ

ਜੀਵਣ ਸਾਥਣ
ਸੁਰਜੀਤ ਕੌਰ
ਦੇ
ਨਾਂ

## *ਸਰਹਿੰਦ ਫਤਹਿ :*
## *ਪਰਵਾਸੀ ਪੰਜਾਬੀ ਰੰਗਮੰਚ ਦੀ ਸਹੀ ਦਿਸ਼ਾ*

*ਪਿਆਰਾ ਸਿੰਘ ਕੁੱਦੋਵਾਲ ਦੀ ਨਾਟ-ਰਚਨਾ 'ਸਰਹਿੰਦ ਫਤਹਿ' ਕਨੇਡਾ ਦੇ ਪੰਜਾਬੀ ਰੰਗਮੰਚ ਲਈ ਕਈ ਪੱਖਾਂ ਤੋਂ ਅਹਿਮ ਹੈ।*

*ਤਿੰਨ-ਚਾਰ ਪੀੜ੍ਹੀਆਂ ਤੋਂ ਕਨੇਡਾ ਅੰਦਰ ਖ਼ੁਦ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਸਥਾਪਿਤ ਕਰ ਚੁੱਕਾ ਪੰਜਾਬੀ ਭਾਈਚਾਰਾ ਜਿੱਥੇ ਹਾਲੇ ਵੀ ਪਛਾਣ ਦੇ ਸੰਕਟ ਨਾਲ ਜੂਝ ਰਿਹਾ ਹੈ, ਉੱਥੇ ਉਸਦਾ ਪੰਜਾਬੀ ਰੰਗਮੰਚ ਵੀ ਕਈ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਰੰਗਕਰਮ ਉੱਧਰ ਅਜਿਹੇ ਮਿਹਨਤਕਸ਼ ਲੋਕਾਂ ਦਾ ਸ਼ੌਕ ਹੈ, ਜਿਹੜੇ ਇੱਧਰੋਂ ਸਕੂਲਾਂ-ਕਾਲਜਾਂ ਦੀਆਂ ਨਾਟ-ਮੰਡਲੀਆਂ ਨਾਲ ਰੰਗਮੰਚ ਕਰਦੇ ਉੱਧਰ ਗਏ ਹਨ ਤੇ ਇਸਨੂੰ ਭੁੱਲ ਨਹੀਂ ਪਾ ਰਹੇ। ਉਹ ਦੱਸ-ਦੱਸ ਘੰਟੇ ਦੀਆਂ ਸ਼ਿਫ਼ਟਾਂ ਲਾ ਕੇ ਵੀ ਆਪਣਾ ਇਹ ਸ਼ੌਕ ਪਾਲ ਰਹੇ ਹਨ ਤੇ ਗੰਭੀਰ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ। ਸਥਾਨਕ ਦਰਸ਼ਕਾਂ ਦੇ ਪੱਧਰ ਦੀਆਂ ਮੰਚਣ-ਯੋਗ ਨਾਟ-ਸਕਰਿਪਟਾਂ ਦੀ ਘਾਟ ਉਨ੍ਹਾਂ ਵਿੱਚੋਂ ਇੱਕ ਵੱਡੀ ਮੁਸ਼ਕਿਲ ਹੈ। ਇੱਧਰਲੇ ਪੰਜਾਬੀ ਨਾਟਕ ਵਾਂਗ ਉੱਧਰਲੇ ਪੰਜਾਬੀ ਨਾਟਕ ਤੋਂ ਵੀ ਪੰਜਾਬੀ ਦਰਸ਼ਕਾਂ ਸਮਾਜਿਕ ਅਤੇ ਨੈਤਿਕ ਜੀਵਨ ਅੰਦਰ ਮਾਰਗ-ਦਰਸ਼ਨ ਦੀ ਤਵੱਕੋ ਕੀਤੀ ਜਾਂਦੀ ਹੈ। ਇਸ ਤਰ੍ਹਾਂ ਜਿੱਥੇ ਵਿਸ਼ੇ ਦੀ ਸਮਾਜਿਕ-ਸੱਭਿਆਚਾਰਕ ਸਾਰਥਿਕਤਾ ਇੱਕ ਪੰਜਾਬੀ ਨਾਟਕ ਲਈ ਲੋੜੀਂਦੀ ਸ਼ਰਤ ਬਣ ਜਾਂਦੀ ਹੈ, ਉੱਥੇ ਰੰਗਮੰਚ ਪੱਖੋਂ ਇਸਦਾ ਸਰਲ ਹੋਣਾ ਵੀ ਲਗਭਗ ਇੱਕ ਕਾਵਿ-ਸ਼ਾਸਤਰੀ ਬੰਧਨ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਕਨੇਡਾ ਦੇ ਰੰਗਮੰਚ ਵਿੱਚ ਅਜਿਹੀਆਂ ਸਕਰਿਪਟਾਂ ਦੀ ਹਮੇਸ਼ਾ ਹੀ ਤਲਾਸ਼ ਰਹਿੰਦੀ ਹੈ, ਜਿਹੜੀਆਂ ਉੱਥੋਂ ਦੇ ਪੰਜਾਬੀ ਭਾਈਚਾਰੇ ਨੂੰ ਉਨ੍ਹਾਂ ਦੇ ਸੱਭਿਆਚਾਰਕ ਅਤੇ ਇਤਿਹਾਸਕ ਪਿਛੋਕੜ ਦੀ ਯਾਦ ਦਿਵਾ*



*ਕੇ ਉਨ੍ਹਾਂ ਦੇ ਵਰਤਮਾਨ ਜੀਵਨ ਦੀਆਂ ਮੁਸ਼ਕਿਲਾਂ ਬਾਰੇ ਕੋਈ ਸੁਨੇਹਾ ਦੇਣ ਅਤੇ ਨਾਲ ਹੀ ਉਹ ਬਹੁਤ ਘੱਟ ਰੰਗਮੰਚੀ ਮਿਹਨਤ ਨਾਲ ਸਟੇਜ ਵੀ ਹੋ ਸਕਣ। ਪਿਆਰਾ ਸਿੰਘ ਕੁੱਦੋਵਾਲ ਦੀ ਇਹ ਨਾਟ ਰਚਨਾ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨ ਕਰਕੇ ਕਨੇਡਾ ਦੇ ਪੰਜਾਬੀ ਰੰਗਮੰਚ ਲਈ ਅਨੁਕੂਲ ਨਾਟ-ਰਚਨਾ ਹੈ।*

*ਨਾਟਕ 'ਸਰਹਿੰਦ ਫਤਹਿ' ਭਾਵੇਂ ਇਤਿਹਾਸਕ ਪਿਛੋਕੜ ਵਾਲੀ ਨਾਟ-ਰਚਨਾ ਹੈ, ਜਿਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨਾਲ ਸਬੰਧਤ ਹਿਰਨੀ ਦੇ ਸ਼ਿਕਾਰ ਤੋਂ ਲੈ ਕੇ ਸਰਹਿੰਦ ਦੇ ਸ਼ਿਕਾਰ ਤੱਕ ਦੇ ਪ੍ਰਸੰਗਾਂ ਨੂੰ ਅਧਾਰ ਬਣਾਇਆ ਗਿਆ ਹੈ। ਪਰ ਇਸ ਨਾਟਕ ਦੇ ਰਚਨ-ਮਨੋਰਥ ਨੂੰ ਇੱਕ ਪ੍ਰਸੰਗ ਵਾਂਗ ਨਾਟਕ ਦੀ ਬੁਣਤਰ ਵਿੱਚ ਸ਼ਾਮਿਲ ਕਰਕੇ ਨਾਟਕਕਾਰ ਨੇ ਰਚਨਾ ਦੇ ਥੀਮਕ ਪਸਾਰ ਨੂੰ ਅੱਜ ਤੱਕ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਕਨੇਡਾ ਅੰਦਰ ਵੱਸਦੇ ਪੰਜਾਬੀ ਹੁਣ ਆਰਥਿਕ, ਸਮਾਜਿਕ ਅਤੇ ਰਾਜਸੀ ਤੌਰ 'ਤੇ ਕਨੇਡਾਈ ਜੀਵਨ ਦੀ ਮੁੱਖ-ਧਾਰਾ ਵਿੱਚ ਪੱਕੇ ਪੈਰੀਂ ਸਥਾਪਿਤ ਹੋ ਚੁੱਕੇ ਹਨ ਪਰ ਪੰਜਾਬੀ ਪਛਾਣ ਗੁਆਚ ਜਾਣ ਦਾ ਡਰ ਅੱਜ ਵੀ ਉਨ੍ਹਾਂ ਦੇ ਚੇਤਨ-ਅਵਚੇਤਨ ਦਾ ਹਿੱਸਾ ਹੈ। ਇਹ ਸੰਕਟ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਖ ਪਛਾਣ-ਚਿੰਨ੍ਹ ਹੈ। ਕਈ ਪੀੜ੍ਹੀਆਂ ਤੋਂ ਉੱਥੇ ਰਹਿ ਰਹੇ ਪੰਜਾਬੀ ਅੱਜ ਵੀ ਇਸ ਪਛਾਣ ਨੂੰ ਕਾਇਮ ਰੱਖਣ ਲਈ ਬਜਿੱਦ ਹਨ ਤੇ ਹਰ ਹੀਲੇ ਇਹ ਪਛਾਣ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਇਸ ਆਸ਼ੇ ਨੂੰ ਲੈ ਕੇ ਅਨੇਕ ਗਲਪੀ ਅਤੇ ਨਾਟਕੀ ਰਚਨਾਵਾਂ ਰਚੀਆਂ ਗਈਆਂ ਹਨ। ਨਾਟਕ 'ਸਰਹਿੰਦ ਫਤਹਿ' ਇਸੇ ਹੀ ਕੜੀ ਦੀ ਇੱਕ ਰਚਨਾ ਸਮਝੀ ਜਾ ਸਕਦੀ ਹੈ, ਜਿਸ ਵਿੱਚ ਸਿੱਖ-ਬਾਣਾ ਪਾ ਕੇ ਰੱਖਣ ਵਾਲਾ ਕਨੇਡਾਈ ਸਕੂਲ ਦਾ ਇੱਕ ਪੰਜਾਬੀ ਅਧਿਆਪਕ ਆਪਣੇ ਪੰਜਾਬੀ ਬੱਚਿਆਂ ਨੂੰ ਪੰਜਾਬੀ/ਸਿੱਖ ਪਛਾਣ ਪ੍ਰਤੀ ਪ੍ਰੇਰਨਾ ਦੇਣਾ ਚਾਹੁੰਦਾ ਹੈ। ਇਸ ਮੰਤਵ ਲਈ ਉਹ ਬੱਚਿਆਂ ਨੂੰ 'ਸਰਹਿੰਦ ਫਤਹਿ' ਨਾਟਕ ਮੰਚ ਉੱਤੇ ਵਿਖਾਉਣ ਦਾ ਪ੍ਰਬੰਧ ਕਰਦਾ ਹੈ।*

*ਨਾਟਕ ਦਾ ਮੂਲ ਆਸ਼ਾ ਪਰਵਾਸੀ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਬਹਾਦਰੀ*

*ਬਾਰੇ ਜਾਗਰੂਕ ਕਰਨਾ ਹੈ। ਇਸ ਲਈ ਨਾਟਕਕਾਰ ਨੇ ਬੰਦਾ ਸਿੰਘ ਬਹਾਦਰ ਦੇ ਜੀਵਨ ਬਾਰੇ ਪ੍ਰਚਲਿਤ ਮਿੱਥਾਂ ਅਤੇ ਗਿਆਤ ਇਤਿਹਾਸ ਨੂੰ ਨਾਟ-ਰਚਨਾ ਦਾ ਅਧਾਰ ਬਣਾਇਆ ਹੈ। ਪਰ ਬੰਦਾ ਸਿੰਘ ਬਹਾਦਰ ਦੀ ਲੜਾਈ ਨੂੰ ਮਹਿਜ ਇੱਕ ਸਿੱਖ-ਲੜਾਈ ਸਮਝਣ ਦੀ ਬਜਾਏ ਸਮਾਜਿਕ ਅਤੇ ਰਾਜਸੀ ਭਰਿਸ਼ਟਾਚਾਰ ਦੇ ਖ਼ਿਲਾਫ਼ ਯੁੱਧ ਬਣਾ ਕੇ ਨਾਟਕਕਾਰ ਨੇ ਨਾਟ-ਰਚਨਾ ਦੀ ਵਰਤਮਾਨ ਨਾਲ ਪ੍ਰਸੰਗਿਕਤਾ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਨਾਟਕ ਤਿੱਖੇ ਸੰਵਾਦਾਂ ਰਾਹੀਂ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਜੇ ਸਿਰਫ਼ ਗੁਰੂ ਗੋਬਿੰਦ ਸਿੰਘ ਦਾ ਥਾਪੜਾ ਲੈ ਕੇ ਬੰਦਾ ਸਿੰਘ ਬਹਾਦਰ ਚੰਦ ਸਾਥੀਆਂ ਨਾਲ ਬਿਨਾਂ ਵੱਡੇ ਸਾਧਨਾਂ ਦੇ ਸਰਹਿੰਦ ਫਤਹਿ ਕਰ ਸਕਦਾ ਸੀ ਤਾਂ ਅੱਜ ਅਸੀਂ ਸਾਰੇ ਮਿਲ ਕੇ ਪੰਜਾਬੀ ਜੀਵਨ ਅੰਦਰ ਫੈਲੇ ਭਰਿਸ਼ਟਾਚਾਰ ਅਤੇ ਨਸ਼ਿਆਂ ਨੂੰ ਖ਼ਤਮ ਕਿਉਂ ਨਹੀਂ ਕਰ ਸਕਦੇ। ਬਿਨਾਂ ਸ਼ੱਕ ਇਹ ਪੰਜਾਬੀ ਨਾਟਕ ਦਾ ਜਾਣਿਆ-ਪਛਾਣਿਆ ਸੁਧਾਰਵਾਦੀ ਪੈਟਰਨ ਹੈ ਪਰ ਕਨੇਡਾਈ ਪਰਵਾਸੀ ਪੰਜਾਬੀ ਜੀਵਨ ਦੀਆਂ ਨਿੱਤ-ਜੀਵਨ ਦੀਆਂ ਚਿੰਤਾਵਾਂ ਦੇ ਹਾਣ ਦਾ ਹੈ। ਸ਼ਾਇਦ ਇਸੇ ਲਈ ਇਸ ਨਾਟਕ ਦੀ ਟੋਰਾਂਟੋ ਵਿੱਚ ਬੇਹੱਦ ਸਫ਼ਲ ਪੇਸ਼ਕਾਰੀ ਹੋ ਚੁੱਕੀ ਹੈ।*

*ਆਪਣੇ ਰੰਗਮੰਚੀ ਉਸਾਰ ਤੋਂ ਵੀ ਨਾਟਕ ਰੰਗਮੰਚ ਦੀ ਵਸਤੂ ਪ੍ਰਤੀਤ ਹੁੰਦਾ ਹੈ। ਭਾਵੇਂ ਸੀਮਤ ਸਾਧਨਾਂ ਦੇ ਚਲਦੇ ਇਤਿਹਾਸਕ ਦ੍ਰਿਸ਼ਾਂ ਦੀ ਯਥਾਰਥਕ ਪੇਸ਼ਕਾਰੀ ਤੋਂ ਬਚਿਆ ਗਿਆ ਹੈ ਪਰ ਜਿਵੇਂ ਤੇਜ਼-ਗਤੀ ਦੇ ਕਾਵਿ-ਬੱਧ ਅਤੇ ਵਿਅੰਗਾਤਮਕ ਸੰਵਾਦਾਂ ਰਾਹੀਂ ਵਾਪਰ ਰਹੀਆਂ ਘਟਨਾਵਾਂ ਦੀ ਸੂਚਨਾ ਮੰਚ ਉੱਤੇ ਦਿੱਤੀ ਗਈ ਹੈ, ਉਹ ਵੀ ਰੰਗਮੰਚੀ ਨੁਹਾਰ ਤੋਂ ਸੱਖਣੀ ਨਹੀਂ। ਵਿਸ਼ੇਸ਼ ਗੱਲ ਇਹ ਹੈ ਕਿ ਸਿੱਖ-ਨਾਇਕਾਂ ਦੀ ਮੰਚ ਉੱਤੇ ਪੇਸ਼ਕਾਰੀ ਦੀ ਬੰਧਨ ਦੇ ਚਲਦਿਆਂ ਇੱਥੇ ਵੀ ਬੰਦਾ ਸਿੰਘ ਬਹਾਦਰ ਦਾ ਪਾਤਰ ਮੰਚ ਉੱਤੋਂ ਗ਼ੈਰ-ਹਾਜ਼ਿਰ ਹੈ। ਪਰ ਉਸਦੇ ਜਲੌਅ ਅਤੇ ਪ੍ਰਭਾਵ ਨੂੰ ਜਿਸ ਨਾਟਕੀ ਅੰਦਾਜ ਨਾਲ ਨਾਟਕਕਾਰ ਨੇ ਪੇਸ਼ ਕੀਤਾ ਹੈ, ਉਹ ਕਿਤੇ ਨਾਇਕ ਦੀ ਮੰਚ ਉੱਤੋਂ ਗ਼ੈਰ-ਹਾਜ਼ਰੀ ਮਹਿਸੂਸ ਨਹੀਂ ਹੋਣ ਦਿੰਦਾ। ਨਿਰਸੰਦੇਹ ਨਾਟਕਕਾਰ ਕੁੱਦੋਵਾਲ ਨੂੰ ਰੰਗਮੰਚ ਲਈ ਲਿਖਣ ਦੀ ਸੂਝ ਹੈ ਅਤੇ ਆਉਂਦੀਆਂ ਰਚਨਾਵਾਂ ਵਿੱਚ ਇਸ ਸੂਝ ਤੋਂ ਵਧੇਰੇ ਨਾਟ-ਮੁਹਾਂਦਰੇ ਵਾਲੀਆਂ ਰਚਨਾਵਾਂ*



*ਦੀ ਉਮੀਦ ਕੀਤੀ ਜਾ ਸਕਦੀ ਹੈ।*

*ਪਿਆਰਾ ਸਿੰਘ ਕੁੱਦੋਵਾਲ ਦੀ ਇਹ ਰਚਨਾ ਸਿਰਫ਼ ਪਰਵਾਸੀ ਪੰਜਾਬੀ ਰੰਗਮੰਚ ਲਈ ਹੀ ਨਹੀਂ, ਸਮੁੱਚੇ ਪੰਜਾਬੀ ਨਾਟਕ ਲਈ ਚੰਗੇਰੇ ਦਿਨਾਂ ਦੀ ਆਸ ਸਿਰਜਦੀ ਹੈ। ਇਹ ਸਾਨੂੰ ਅਹਿਸਾਸ ਕਰਵਾਉਂਦੀ ਹੈ ਕਿ ਹੁਣ ਪੰਜਾਬੀ ਨਾਟਕਕਾਰ ਰੰਗਮੰਚੀ ਅਤੇ ਦਰਸ਼ਕਗਤ ਲੋੜਾਂ ਲਈ ਲਿਖਣਾ ਸਿੱਖ ਗਏ ਹਨ। ਇਸੇ ਸਿਖਲਾਈ ਵਿੱਚੋਂ ਹੀ ਭਵਿੱਖ ਵਿੱਚ ਪੰਜਾਬੀ ਕਸਬੀ ਥੀਏਟਰ ਦਾ ਜਨਮ ਹੋਣਾ ਹੈ।*

***ਪਾਲੀ ਭੁਪਿੰਦਰ ਸਿੰਘ***
*ਇੰਡੀਅਨ ਥੀਏਟਰ ਵਿਭਾਗ,*
*ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

## ਮੁੱਖ ਬੰਦ

ਪੰਜਾਬੀ ਸਾਹਿਤ ਦੇ ਵਿਸ਼ੇ 'ਚ ਜਿਥੇ ਪੰਜਾਬੀ ਸਾਹਿਤ ਨੇ ਵਿਦੇਸ਼ੀ ਧਰਤੀ ਤੇ ਵੀ ਆਪਣਾ ਪਾਸਾਰ ਕੀਤਾ ਹੈ ਉਥੇ ਪੰਜਾਬੀ ਬਸ਼ਿੰਦਿਆਂ ਵੱਲੋਂ ਵਿਦੇਸ਼ੀਆਂ ਵਿੱਚ ਪੰਜਾਬੀ ਸਾਹਿਤ ਰਾਹੀ ਆਪਣੇ ਪੰਜਾਬ ਦੇ ਮਿੱਟੀ ਦੀ ਮਹਿਕ ਵੀ ਵਿਦੇਸ਼ਾਂ 'ਚ ਜਾਂ ਖਿਲਾਰੀ ਹੈ। ਪੰਜਾਬੀ ਸਾਹਿਤ ਨੂੰ ਹਰ ਵਿਧਾ ਰਾਹੀਂ ਭਾਂਵੇ ਉਹ ਕਵਿਤਾ ਹੋਵੇ, ਕਹਾਣੀ ਹੋਵੇ, ਨਿਬੰਧ ਹੋਵੇ, ਵਿਦੇਸ਼ ਯਾਤਰਾ ਹੋਵੇ ਜਾਂ ਨਾਟਕ, ਵਿਦੇਸ਼ਾਂ ਵਿੱਚ ਪੰਜਾਬੀ ਦਾ ਸਮਾਜਿਕ ਅਤੇ ਸਭਿਆਚਾਰਕ ਵਿਰਸਾ ਨਿੱਕੀਆਂ ਕਿਆਰੀਆਂ ਰਾਹੀਂ ਫੁੱਲ ਬੀਜ ਕੇ ਉਹਨਾਂ ਦੀਆਂ ਪੱਤੀਆਂ ਖਿਲਾਰੀਆਂ ਜਾ ਰਹੀ ਹਨ। ਜਿਵੇਂ ਸਤੀਸ਼ ਗੁਲਾਟੀ (ਚੇਤਨਾ ਪ੍ਰਕਾਸ਼ਨ) ਵੱਲੋਂ ਇਕ ਹੁਕਮ ਹੋਇਆ ਕਿ ਨਾਟਕ ਦੇ ਵਿਸ਼ੇ ਉਪਰ ਲਿਖਿਆ ਜਾਵੇ ਨਾਟਕ ਸੀ "ਸਰਹਿੰਦ ਫਤਹਿ"। ਪਿਆਰਾ ਸਿੰਘ ਕੁੱਦੋਵਾਲ ਲਿਖਿਤ ਇਹ ਨਾਟਕ ਬਾਬਾ ਬੰਦਾ ਸਿੰਘ ਬਹਾਦਰ ਉਪਰ ਹੈ ਜਿਹਨਾਂ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਉਸ ਸਮੇਂ ਦੇ ਮੁਗਲਾਂ ਨਾਲ ਉਹ ਟੱਕਰ ਲਈ ਕਿ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ 'ਤੇ ਪਹਿਰਾਂ ਦਿੱਤਾ ਉਥੇ ਮੁਗਲਾਂ ਨੂੰ ਆਪਣੇ ਨਾਮ ਤੋਂ ਥਰ ਥਰ ਕੰਬਣ ਵੀ ਲਾ ਦਿੱਤਾ।

ਪਿਆਰਾ ਸਿੰਘ ਕੁੱਦੋਵਾਲ ਵੱਲੋਂ ਇਹ ਲਿਖਿਤ ਨਾਟਕ ਦੀ ਸ਼ੁਰੂਆਤ ਉਥੋਂ ਦੇ ਵਿਦੇਸ਼ੀ ਸੋਚ ਨਾਲ ਜੁੜਨ ਵਾਲੇ ਸਕੂਲੀ ਬੱਚਿਆਂ ਤੋਂ ਜਿਹੜੇ ਕੇ ਜਨਮ ਜਾਤ ਤੋਂ ਪੰਜਾਬੀ ਹਨ ਨਾਲ ਸ਼ੁਰੂ ਕੀਤੀ ਹੈ। ਇਸ ਨਾਟਕ ਵਿੱਚ ਉਹ ਸਕੂਲੀ ਬੱਚਿਆਂ ਦੀ ਸੋਚ ਜਿਹੜੀ ਕਿ ਇਸ ਸਮੇਂ ਉਹਨਾਂ ਦੀ ਮਾਨਸਿਕ ਸਥਿਤੀ ਚੱਲ ਰਹੀ ਹੈ ਦੇ ਬਾਰੇ 'ਚ ਤੇ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਇਹ ਵੀ ਦਰਸਾਇਆ ਹੈ ਕਿ ਜਿਸ ਮਨੁੱਖ ਨੂੰ ਇਤਿਹਾਸ ਨਹੀਂ ਪਤਾ ਉਸ ਵਿਅਕਤੀ ਦਾ ਭਵਿੱਖ ਕੀ ਹੋਵੇਗਾ? ਇਹ ਗੱਲ ਉਹਨਾਂ ਬਿਲਕੁਲ ਸਹੀ ਲਿਖੀ ਕਿ ਜਿਸ ਵਿਅਕਤੀ ਨੂੰ ਪਿਛੋਕੜ ਵੱਲ ਦੇਖਣ ਦੀ ਆਦਤ ਨਹੀਂ ਉਹ ਅਗਾਂਹ ਵੱਧਣ ਦਾ ਕੀ ਟੀਚਾ ਰੱਖਦਾ ਹੋਵੇਗਾ, ਇਹ ਅੰਦਾਜ਼ਾ ਤਾਂ ਅਸੀਂ ਲਾ ਹੀ ਸਕਦੇ ਹਨ। ਉਹਨਾਂ ਨਾਟਕ



ਦੀ ਸ਼ੁਰੂਆਤ ਸਕੂਲੀ ਬੱਚਿਆਂ ਤੋਂ ਕਰਕੇ ਉਹਨਾਂ ਨੂੰ ਆਪਣੇ ਸਭਿਆਚਾਰ ਰਾਹੀਂ ਜਾਣੂ ਕਰਵਾਉਣ ਲਈ ਉਹਨਾਂ ਇਕ ਸਕੂਲੀ ਅਧਿਆਪਕ ਨੂੰ ਖਾਲਸਈ ਬਾਣੇ ਵਿੱਚ ਤਬਦੀਲ ਕੀਤਾ ਅਤੇ ਉਸਨੂੰ ਵਿਦੇਸ਼ੀ ਪਹਿਰਾਵੇ ਚੋਂ ਕੁਝ ਕਚਿਆਣ ਆਉਣ ਤੋਂ ਬਾਅਦ ਬਦਲ ਦਾ ਪਹਿਰੇਦਾਰ ਵੀ ਦਿਖਾਇਆ ਹੈ ਅਤੇ ਜਦੋਂ ਬੱਚੇ ਆਪਸ ਵਿੱਚ ਗੱਲ ਕਰ ਰਹੇ ਹਨ ਤਾਂ ਉਹਨਾਂ ਨੂੰ ਪਹਿਰਾਵਾਦਾਰੀ ਸਿਰਫ਼ ਵਿਦੇਸ਼ਾਂ ਦੇ ਗੁਰਦੁਆਰਿਆਂ ਤੱਕ ਹੀ ਦਰਸਾਇਆ ਹੈ ਕਿ ਵਿਦੇਸ਼ਾਂ ਵਿੱਚ ਲੋਕ ਆਪਣੇ ਧਰਮ ਅਸਥਾਨਾਂ ਤੱਕ ਹੀ ਪਹਿਰਾਵਾ ਸੀਮਤ ਰੱਖਦੇ ਹਨ, ਪਰ ਜਦੋਂ ਉਸ ਅਧਿਆਪਕ ਨਾਲ ਇਹ ਗੱਲਬਾਤ ਹੁੰਦੀ ਹੈ ਤਾਂ ਲੇਖਕ ਵੱਲੋਂ ਉਸ ਅਧਿਆਪਕ ਰਾਹੀਂ ਉਸਨੂੰ ਇਕ ਇਤਿਹਾਸਿਕ ਮੋੜ ਦਿੱਤਾ ਗਿਆ ਹੈ ਜੋ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਇਤਿਹਾਸ ਦੱਸਦਿਆਂ ਕਿ ਕਿਵੇਂ ਉਸਦਾ ਨਾਮ ਲਛਮਣ ਦਾਸ ਤੋਂ ਬੰਦਾ ਬੈਰਾਗੀ ਹੁੰਦਾ ਹੋਇਆ ਉਹ ਭਗਤੀ ਭਾਵਨਾਂ ਨਾਲ ਜੰਗਲ ਵਿੱਚ ਜਾਂਦਾ ਹੈ ਅਤੇ ਫਿਰ ਕਿਵੇਂ ਬੰਦਾ ਬੈਰਾਗੀ ਬਣਦਾ ਹੈ ਅਤੇ ਕਿਸ ਤਰਾਂ ਉਸਦਾ ਮਿਲਾਪ ਗੁਰੂ ਗੋਬਿੰਦ ਸਿੰਘ ਨਾਲ ਹੁੰਦਾ ਹੈ ਅਤੇ ਉਹ ਅਮ੍ਰਿਤ ਛੱਕ ਕੇ ਮੁਹਾਲਾਂ ਦਾ ਨਾਸ ਕਰਨ ਲਈ ਤੁਰ ਪੈਦਾ ਹੈ। ਉਸਦਾ ਜਿਹੜਾ ਵਿਖਿਆਨ ਲੇਖਕ ਨੇ ਪੇਂਡੂ ਪਾਤਰਾਂ ਨੂੰ ਸੂਤਰਧਾਰ ਦੇ ਰੂਪ ਵਿੱਚ ਦਰਸਾਇਆ ਹੈ, ਉਥੇ ਲੇਖਕ ਪੇਂਡੂ ਪਾਤਰਾਂ ਨੂੰ ਸੂਤਰਧਾਰ ਵੱਜੋਂ ਹੀ ਨਹੀਂ ਵਰਤਦਾ ਉਥੇ ਉਹ ਕਾਵਮਈ ਰੂਪ ਦੇ ਕੇ ਲਿਖਿਤ ਨੂੰ ਇੰਟਰਸਟਿੰਗ ਵੀ ਕਰਦਾ ਹੈ। ਉਹ ਸੂਤਰਧਾਰ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਦਾ ਇਤਿਹਾਸ ਸਿਰਜਦੇ ਹਨ ਉਥੇ ਕਾਵਿ ਮਈ ਕਟਾਕਸ਼ ਵੀ ਕਰਦੇ ਹਨ, ਜਿਹੜਾ ਕਿ ਲਿਖਿਤ ਨੂੰ ਸੁੰਦਰ ਅਤੇ ਸਮਝਣਯੋਗ ਸਵਾਦਲਾ ਵੀ ਬਣਾਉਂਦਾ ਹੈ। ਨਾਟਕ ਨੂੰ ਤੁਸੀਂ ਪੜ੍ਹੋ ਤਾਂ ਉਸਦੀ ਕਹਾਣੀ ਵਿੱਚ ਤੁਸੀਂ ਹੋਰ ਖੁੱਭਦੇ ਜਾਂਦੇ ਹੋ।

ਪਿਆਰਾ ਸਿੰਘ ਕੁੱਦੋਵਾਲ ਜੀ ਜਿਥੇ ਸਾਂਈ ਰਾਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਬੀਰਤਾ ਬਾਰੇ ਵਿਖਿਆਨ ਕਰਦਾ ਹੈ ਉਥੇ ਮੁਗਲਾਂ ਵੱਲੋਂ ਉਸਦਾ ਵਿਰੋਧ ਕੀਤਾ ਜਾਂਦਾ ਹੈ ਤਾਂ ਉਥੇ ਉਸਨੂੰ ਸੰਗੀਤ ਬਾਰੇ ਵੀ ਗਿਆਨਤਾ ਦਰਸਾਉਂਦਾ ਹੈ ਜਿਵੇਂ ਕਿ ਉਹ ਮੁਗਲਾਂ ਨੂੰ ਸਬਕ ਸਿਖਾਕੇ ਨਾਚ ਨਚਾਉਣ ਲਈ ਤਾ ਥਾ ਥਈ, ਤਾ ਥਾ ਥਈ ਦੇ ਸ਼ਬਦਾਂ ਰਾਹੀਂ ਹੀ ਸਾਂਈ ਵੱਲੋਂ ਦਰਸਾਉਂਦਾ ਹੈ।

ਭਾਂਵੇ ਨਾਟਕਕਾਰ ਬਰੈਮਪਟਨ (ਕੈਨੇਡਾ) ਵਿੱਚ ਰਹਿੰਦਿਆਂ ਉਥੋਂ ਦੇ ਸਕੂਲ ਦੇ ਹਾਲ ਵਿੱਚ ਨਾਟਕ ਦੇ ਵਿਸ਼ੇ ਨੂੰ ਲੈ ਕੇ ਜਾਂਦਾ ਹੈ ਨਾਲ

ਇਹ ਸਿੱਧ ਕਰਦਾ ਹੈ ਕਿ ਸਾਡੇ ਪੰਜਾਬੀ ਪਰਿਵਾਰ ਦੇ ਬੱਚਿਆਂ ਨੂੰ ਸਾਡੇ ਪੰਜਾਬੀ ਇਤਿਹਾਸਕ ਵਿਰਸੇ ਬਾਰੇ ਗਿਆਨ ਨਹੀਂ ਤੇ ਗਿਆਨ ਵੱਜੋਂ ਹੀ ਨਾਟਕਕਾਰ ਸਕੂਲ ਦੇ ਹੀ ਹਾਲ ਵਿੱਚ ਨਾਟਕ ਖੇਡਣ ਦੀ ਪ੍ਰਕਿਰਿਆ ਨੂੰ ਪੇਸ਼ ਕਰਦਾ ਹੈ ਅਤੇ ਨਾਲ ਆਪਣੇ ਵੱਲੋਂ ਨਾਟਕਕਾਰ ਨੇ ਪੰਜਾਬੀ ਲੀਡਰ ਅਤੇ ਇਕ ਇਤਿਹਾਸਕਾਰ ਵੀ ਡਾ. ਗੰਢਾ ਸਿੰਘ ਦਰਸਾਇਆ ਹੈ ਜਿਹੜਾ ਕਿ ਉਸ ਸਮੇਂ ਦੇ ਇਤਿਹਾਸ ਨੂੰ ਅਤੇ ਲਛਮਣ ਦਾਸ ਅਤੇ ਬੰਦਾ ਬੈਰਾਗੀ ਦੇ ਇਤਿਹਾਸ ਦਾ ਚਿਤਰਣ ਕਰਦਾ ਹੈ। ਇਹਨਾਂ ਗੱਲਾਂ ਤੋਂ ਨਾਟਕਕਾਰ ਇਹ ਵੀ ਸਿੱਧ ਕਰ ਰਿਹਾ ਹੈ ਕਿ ਇਤਿਹਾਸ ਦੱਸਣ ਲੱਗਿਆ ਉਹ ਇਕੱਲਾ ਨਹੀਂ ਹੈ, ਆਪਣੀ ਹੋਂਦ ਦੀ ਗਿਣਤੀ ਵਿੱਚ ਜਿਹੜਾ ਉਹ ਵਾਧਾ ਕਰਦਾ ਹੈ ਉਸ ਨਾਲ ਉਹ ਪੰਜਾਬੀ ਇਤਿਹਾਸ ਨੂੰ ਇਕੱਠਾ ਵਿੱਚ ਪੇਸ਼ ਕਰਨ ਦੀ ਸਥਿਤੀ ਵੀ ਦਰਸਾਉਂਦਾ ਹੈ।

ਜਿਥੇ ਨਾਟਕਕਾਰ ਨੇ ਬਾਬਾ ਬੰਦਾ ਸਿੰਘ ਦੀ ਬਹਾਦਰੀ ਨੂੰ ਸਰਹਿੰਦ 'ਤੇ ਫਤਹਿ ਦਰਸਾਈ ਹੈ, ਉਥੇ ਨਾਟਕਕਾਰ ਇਕੱਲਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਹਾਣੀ ਹੀ ਨਹੀਂ ਦੱਸ ਰਿਹਾ ਉਥੇ ਉਹ ਅੱਜ ਦੀ ਪੀੜ੍ਹੀ ਤੋਂ ਜੋ ਨਸ਼ਿਆਂ ਵੱਲ ਜਾਂ ਰਹੀ ਹੈ ਉਹ ਵਿਦਿਅਕ ਹੁੰਦਿਆਂ ਵੀ ਆਪਣੇ ਇਤਿਹਾਸ ਤੋਂ ਅਣਜਾਣ ਨੂੰ ਉਹਨਾਂ ਦਾ ਦਰਵਾਜ਼ਾ ਖੜਕਾ ਇਹ ਹੋਕਾ ਦੇਣ ਦੀ ਕੋਸ਼ਿਸ਼ ਵੀ ਕਰ ਰਿਹਾ ਹੈ ਕਿ ਉਹ ਆਪਣੇ ਭਵਿੱਖ ਪ੍ਰਤੀ ਆਪਣੇ ਧਰਮ ਪ੍ਰਤੀ ਅਤੇ ਆਪਣੇ ਫਰਜ਼ਾਂ ਪ੍ਰਤੀ ਵੀ ਉਜਾਗਰ ਰਹਿਣ। ਪਿਆਰਾ ਸਿੰਘ ਕੁੱਦੋਵਾਲ ਦੀ ਲਿਖਿਤ ਜਿਥੇ ਨਾਟਕ ਨੂੰ ਪੁਰਾਣੇ ਸਮੇਂ ਨਾਲ ਜੋੜੀ ਰੱਖਦੀ ਹੈ ਕਿਤੇ ਕਿਤੇ ਉਹ ਅੱਜ ਨਾਲ ਵੀ ਨਾਟਕ ਵਿੱਚ ਜੁੜਦਾ ਹੈ ਜਿਵੇਂ ਉਹ ਬਹਾਦਰਾਂ ਦੀ ਫੌਜ਼ ਲੋਚਦਾ ਹੈ ਤੇ ਸਾਡੇ ਸਮਾਜ ਨੂੰ ਪਰੂਣ ਹੱਤਿਆ ਦੀ ਲਾਹਣਤ ਵੀ ਪਾਉਂਦਾ ਹੈ। ਨਾਟਕਕਾਰ ਜਿਥੇ ਨਾਟਕ ਦੀ ਲਿਖਤ ਨਾਲ ਉਸ ਸਮੇਂ ਨਾਲ ਜੁੜਿਆ ਰਿਹਾ ਉਥੇ ਨਾਟਕਕਾਰ ਭਵਿੱਖ ਤੋਂ ਵੀ ਚਿੰਤਿਤ ਰਿਹਾ।

ਪਿਆਰਾ ਸਿੰਘ ਕੁੱਦੋਵਾਲ ਦੀ ਇਹ ਲਿਖਤ ਜਿਥੇ ਵਿਦੇਸ਼ਾਂ 'ਚ ਰਹਿ ਰਹੇ ਪੰਜਾਬੀ ਪਰਿਵਾਰ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦੀ ਹੈ, ਉਥੇ ਇਹ ਲਿਖਤ ਮੌਜੂਦਾ ਸਮੇਂ ਨਾਲ ਚੱਲ ਰਹੀਆਂ ਅਸਮਾਜਿਕ ਕੁਰੀਤੀਆਂ ਤੋਂ ਵੀ ਆਗਾਹ ਕਰਦੀ ਹੋਈ ਇਕ ਸਹੀ ਤੇ ਸਮਝਦਾਰ ਸੇਧ ਦਿੱਤੀ ਹੈ। ਜਿਥੇ ਪਿਆਰਾ ਸਿੰਘ ਕੁੱਦੋਵਾਲ ਜੀ ਵਰਗੇ ਲੇਖਕ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਨੂੰ ਆਪਣੇ ਇਤਿਹਾਸ ਨਾਲ ਜੋੜਦੇ ਹਨ ਉਥੇ ਉਹ ਪਿਛੋਕੜ ਪੰਜਾਬ ਦੀਆਂ ਰਾਜਨੀਤਿਕ ਕਾਰਵਾਈ ਤੋਂ ਵੀ ਚਿੰਤਿਤ



ਨਜ਼ਰ ਆਉਂਦੇ ਹਨ। ਜਿਹੜੀਆਂ ਕਾਰਵਾਈ ਨੌਜਵਾਨ ਪੀੜ੍ਹੀ ਨੂੰ ਗਲਤ ਰਾਹਾਂ ਤੇ ਚੱਲਣ ਲਈ ਮਜ਼ਬੂਰ ਕਰਦੀਆਂ ਹਨ ਅਤੇ ਪਿਛੋਕੜ ਪੰਜਾਬ ਨੂੰ ਸਮਾਜਿਕ ਤੌਰ ਤੇ ਨਸ਼ਟ ਕਰ ਰਹੀਆਂ।

ਪਿਆਰਾ ਸਿੰਘ ਕੁੱਦੋਵਾਲ ਦੀ ਇਹ ਰਚਨਾ ਇਕ ਸਫਲ ਰਚਨਾ ਹੈ ਅਤੇ ਸ਼੍ਰੀ ਸਤੀਸ਼ ਗੁਲਾਟੀ (ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵੱਲੋਂ ਜਿਥੇ ਪੰਜਾਬੀ ਸਾਹਿਤ ਨੂੰ ਕਿਤਾਬੀ ਰੂਪ ਵਿੱਚ ਸੰਭਾਲਿਆ ਜਾ ਰਿਹਾ ਹੈ ਉਥੇ ਸਾਹਿਤ ਨੂੰ ਕਿਤਾਬ ਰੂਪ 'ਚ ਪ੍ਰਕਾਸ਼ਿਤ ਕਰ ਕੇ ਘਰ ਘਰ ਪਹੁੰਚਾਉਣਾ ਵੀ ਪੰਜਾਬੀ ਸਾਹਿਤ ਨੂੰ ਪੰਜਾਬੀ ਦੇ ਦਰਵਾਜੇ ਤੱਕ ਦਸਤਕ ਦੇ ਕੇ ਉਹਨਾਂ ਦੇ ਹੱਥਾਂ ਵਿੱਚ ਦੇਣ ਵਾਲੀ ਗੱਲ ਨੂੰ ਪ੍ਰਣਾਮ ਤੇ ਦੋਵੇਂ ਪਿਆਰਾ ਸਿੰਘ ਕੁੱਦੋਵਾਲ ਤੇ ਪ੍ਰਕਾਸ਼ਕ ਵਧਾਈ ਦੇ ਹੱਕਦਾਰ ਹਨ।

ਜਿਥੇ ਵਿਦੇਸ਼ੀ ਪੰਜਾਬੀਆਂ ਨੂੰ ਇਹ ਨਾਟਕ ਇਤਿਹਾਸ ਨੂੰ ਉਹਨਾਂ ਦੇ ਹੱਥਾਂ ਵਿੱਚ ਫੜ੍ਹਾ ਕੇ ਸਾਭਣ ਦਾ ਉਪਰਾਲਾ ਹੈ ਉਥੇ ਪੰਜਾਬੀਆਂ ਨੂੰ ਆਪਣੇ ਧਰਮ ਅਤੇ ਹੱਕਾਂ ਪ੍ਰਤੀ ਜਾਗਰੁਕ ਰਹਿਣ ਦਾ ਉਪਰਾਲਾ ਵੀ ਵਧਾਈ ਦਾ ਪਾਤਰ ਹੈ ਇਹ ਨਾਟਕ "ਸਰਹਿੰਦ ਫਤਹਿ"।

***ਤਰਲੋਚਨ ਸਿੰਘ ਨਾਟਕਾਕਰ***
***9417396005***

## ਖਾਸ ਨੋਟ

*ਇਹ ਨਾਟਕ ਬੰਦਾ ਸਿੰਘ ਬਹਾਦਰ ਵਲੋਂ ਸਰਹੰਦ ਜਿੱਤਣ ਤੱਕ ਦੇ ਸਮੇਂ ਤੱਕ ਹੈ। ਇਹ ਨਾਟਕ ਜਿੱਤ ਦਾ ਨਗਾਰਾ ਹੈ, ਗੁਲਾਮ ਮੁਲਕ ਵਿੱਚ ਆਜ਼ਾਦੀ ਦਾ ਸੁਪਨਾ ਸਾਕਾਰ ਕਰਨ ਦਾ ਖੁਲਾਸਾ ਹੈ। ਇਹ ਨਾਟਕ ਲੋਕਾਂ ਰਾਹੀ ਲੋਕ ਬੋਲੀ ਵਿੱਚ ਕਾਲਪਨਿਕ ਲੋਕ ਪਾਤਰਾਂ ਰਾਂਹੀ ਇਤਿਹਾਸਕ ਪ੍ਰਕਰਣਾ ਤੇ ਵਿਭਿੰਨ ਇਤਿਹਾਸਕਾਰਾਂ ਦੀ ਬੰਦਾ ਬਹਾਦਰ ਪ੍ਰਤੀ ਦਿੱਤੀ ਰਾਇ ਨੂੰ ਧਿਆਨ ਵਿੱਚ ਰੱਖ ਕੇ ਸਿਰਜਿਆ ਗਿਆ ਹੈ। ਕਿਤੇ ਵੀ ਇਤਿਹਾਸ ਵਿਚਲੇ ਅਸਲੀ ਪਾਤਰ ਸਟੇਜ ਤੋਂ ਪ੍ਰਗਟ ਨਹੀਂ ਹੁੰਦੇ। ਆਰੰਭ ਅਤੇ ਅੰਤਿਕਾ ਨੂੰ ਅੱਜ ਨਾਲ ਜੋੜਿਆ ਗਿਆ ਹੈ। ਇਹ ਨਾਟਕ ਬੰਦਾ ਸਿੰਘ ਬਹਾਦਰ ਦਾ ਲੋਕਾਂ ਲਈ ਕੀਤੇ ਕੰਮਾਂ ਅਤੇ ਉਸ ਪਿਛੇ ਛੁਪੀ ਨਿਰਪੱਖਤਾ ਨਿਰਭੈਤਾ ਤੇ ਨਿਰਵੈਰਤਾ ਵਾਲੀ ਭਾਵਨਾ ਪ੍ਰਗਟਾਅ ਹੈ। ਉਸਦੇ ਵਿਹਾਰ ਕਰਕੇ ਲੋਕਾਂ ਵਿੱਚ ਆਇਆ ਆਦਰ ਦਾ, ਸਨੇਹ ਦਾ ਪ੍ਰਗਟਾਵਾ ਹੈ। ਇਹ ਨਾਟਕ ਬੰਦਾ ਸਿੰਘ ਬਹਾਦਰ ਦੀ ਜੀਵਨੀ ਵੀ ਨਹੀਂ ਹੈ ਬੱਸ ਸਰਹੰਦ ਨੂੰ ਫਤਹਿ ਕਰਨ ਤੱਕ ਦਾ ਨਾਟਕੀ ਪਰਕਰਣ ਹੈ। ਉਸਤੋਂ ਬਾਅਦ ਦੀਆਂ ਘਟਨਾਵਾਂ ਦਾ ਕੋਈ ਜਿਕਰ ਨਹੀਂ ਹੈ। ਅਗਰ ਕੋਈ ਉਕਾਈ ਲੱਗੇ ਤਾਂ ਖਿਮਾਂ ਦਾ ਜਾਚਕ ਹਾਂ ਅਤੇ ਤੁਹਾਡੇ ਸੁਝਾਅ ਦੀ ਮੰਗ ਕਰਦਾ ਹਾਂ।*

***-ਲੇਖਕ***



## ਧੰਨਵਾਦ

ਸਾਰੀ ਆਰਗੇਨਈਜੇਸ਼ਨ ਕਮੇਟੀ ਦਾ ਜਿਹਨਾਂ ਇਸ ਨਾਟਕ ਨੂੰ ਖੇਡਣ ਲਈ ਮਾਹੌਲ ਪੇਦਾ ਕੀਤਾ। ਸਕਰਿਪਟ ਬਾਰੇ ਇਤਿਹਾਸਕ ਰਾਇ ਦੇਣ ਲਈ (ਸਵਰਗੀ) ਡਾ. ਦਰਸ਼ਨ ਸਿੰਘ ਜੀ, ਸ. ਅਜਾਇਬ ਸਿੰਘ ਚੱਠਾ, ਪ੍ਰਿੰਸੀਪਲ ਸ. ਵਰਿਆਮ ਸਿੰਘ ਦੇਹਰਾਦੂਨ, ਪ੍ਰੋ. ਦਲਬੀਰ ਸਿੰਘ ਕੈਲੇਫੋਰਨੀਆਂ ਦਾ।

ਸਾਰੇ ਪਾਤਰਾਂ ਦਾ ਜਿਹਨਾਂ ਆਪਣੇ ਕੰਮਾਂ ਤੇ ਪੜ੍ਹਾਈ ਤੋਂ ਵਿਹਲ ਕੱਢ ਕੇ ਨਾਟਕ ਦੀ ਤਿਆਰੀ ਕੀਤੀ

ਖਾਸ ਧੰਨਵਾਦ "ਸ਼ਿਵਰਾਜ਼ ਸੰਨੀ" ਦਾ, ਜਿਸ ਨੇ ਸਾਂਈ ਦਾ ਕਿਰਦਾਰ ਨਿਭਾਉਣ ਲਈ ਹਾਂ ਕੀਤੀ ਤੇ ਜੀ ਜਾਨ ਤੋੜ ਕੇ ਮਿਹਨਤ ਕੀਤੀ

ਪਰਮਜੀਤ ਦਿਓਲ, ਜਤਿੰਦਰ ਰੰਧਾਵਾ, ਹਰਦਿਆਲ ਝੀਤਾ, ਬਲਤੇਜ, ਹਰਗੁਨ ਤੂਰ, ਗੁਰਕੰਵਰ ਸਿੰਘ, ਬੀਰਇੰਦਰ ਸਿੰਘ ਚੀਮਾ ਦਾ ਜਿਹਨਾਂ ਚੈਂਲਜ ਕਬੂਲ ਕੀਤਾ। ਹਰਜੋਤ ਸਿੰਘ, ਅਰਸ਼ ਰੰਧਾਵਾ, ਸ਼ੁੱਭ ਰੰਧਾਵਾ, ਮਨਪ੍ਰੀਤ ਦਿਓਲ, ਜਸਜੀਤ ਸਿੰਘ ਚੌਹਾਨ, ਅਕਾਸ਼ਦੀਪ ਪੱਡਾ ਇਹਨਾਂ ਸਾਰੇ ਬੱਚਿਆਂ ਦਾ ਖਾਸ ਧੰਨਵਾਦ ਜਿਹਨਾਂ ਪੰਜਾਬੀ ਵਿੱਚ ਡਾਇਲਾਗ ਕਰਨਾ ਮੰਨਿਆਂ।

ਸ. ਨਛੱਤਰ ਸਿੰਘ ਚੋਹਾਨ, ਪ੍ਰਧਾਨ ਇੰਡੀਅਨ ਟਰੱਕਿੰਗ ਐਸੋਸੀਏਸਨ, ਨਜੀਬ ਇਕਬਾਲ, ਹਰਬੰਸ ਬਾਂਸਲ ਅਤੇ ਇੰਜਨੀਅਰ ਬਹਾਦਰ ਸਿੰਘ ਸੰਘਰਾ (ਜੋ ਪੇਂਡੂ ਦੇ ਰੋਲ ਲਈ ਆਪਣੀ ਖੇਸੀ ਵੀ ਨਾਲ ਲੈ ਕੇ ਆਏ ਸਨ) ਜੋ ਇਕੋ ਵਾਰ ਕਹਿਣ ਤੇ ਨਾਟਕ ਵਿੱਚ ਅਦਾਕਾਰੀ ਕਰਨ ਲਈ ਤਿਆਰ ਹੋਏ

ਸੁਰਜੀਤ ਦਾ, ਜਿਸਦੀ ਐਨੂਰਿਜ਼ਮ ਕਾਰਣ "ਬਰੇਨ ਸਰਜਰੀ" ਕੁੱਝ ਮਹੀਨੇ ਪਹਿਲਾਂ ਹੀ ਹੋਈ ਸੀ, ਇਸਦੇ ਬਾਵਜੂਦ ਮਹਿਮਾਨ ਨਿਵਾਜ਼ੀ ਦੇ ਨਾਲ ਨਾਲ ਪਹਿਲੀ ਵਾਰ ਇਸ ਤਰਾਂ ਦੀ ਜਟਿਲ ਪੇਸ਼ਕਾਰੀ ਵਿੱਚ ਦੋ ਕਿਰਦਾਰ ਨਿਭਾਏ। ਸ਼ੁਰੂ ਸ਼ੁਰੂ ਵਿੱਚ ਉਸਨੂੰ ਕਈ ਸ਼ਬਦ ਬੋਲਣ ਲਈ ਜਦੋ-ਜਹਿਦ ਕਰਨੀ ਪਈ ਕਿਉਂਕਿ ਬਰੇਨ ਅਹਿਸਤਾ ਅਹਿਸਤਾ ਪਕੜ ਕਰ ਰਿਹਾ ਸੀ । ਇਸ ਨਾਟਕ ਨਾਲ ਉਸਦੀ "ਹੀਲਿੰਗ ਪਾਵਰ" ਵੀ ਵਧੀ । ਇਸ ਲਈ ਮੈਂ ਸਭ ਸਦਾ ਰਿਣੀ ਰਹਾਂਗਾ।

ਫਤਹਿਜੀਤ ਸਿੰਘ (ਯੰਗ ਫਤਹਿ) ਦਾ ਜਿਸਨੇ ਬੈਕ ਗਰਾਂਊਂਡ ਮਿਊਜ਼ਕ

ਦਿੱਤਾ ਅਤੇ ਨਾਟਕ ਦੇ ਕੁਝ ਹਿੱਸੇ ਰਿਕਾਰਡ ਕਰਨ ਵਿੱਚ ਮਦਦ ਕੀਤੀ। ਤਾਰਾ ਮਨਜਾਨੀਆਂ ਜਿਹਨਾਂ ਨੇ ਨਾਟਕ ਦੇ ਦੌਰਾਨ ਆਪਣੀ ਮਧੁਰ ਬੰਸਰੀ ਦੇ ਸੁਰ ਛੇੜੀ ਰੱਖੇ।

ਕਸ਼ਮੀਰ ਸਿੰਘ ਗਿੱਲ, ਧੰਨਦੇਵ ਸੰਧੂ, ਸੁਖਦੀਪ ਚੌਹਾਨ, ਹਰਮਹਿੰਦਰ ਜੌਹਲ ਹੋਰਾਂ ਰੋਸ਼ਨੀ ਸਟੇਜ ਦਾ ਤਾਲ ਮੇਲ ਕਾਇਮ ਰੱਖਿਆ।

ਸੱਤੀ ਝੀਤਾ ਦਾ ਵੀ. ਡੀ. ਓ. ਲਈ ਜੋ ਇਕ ਅਮੁਲ ਯਾਦਗਾਰ ਬਣ ਗਈ ਹੈ

ਪਰਮਜੀਤ ਗਿੱਲ ਦਾ ਸਟੇਜ ਕਰਨ ਲਈ ਤੇ ਨਰਿੰਦਰ ਸਿੰਘ ਢੀਂਢਸਾ ਦਾ ਫੋਟੋ ਖਿੱਚਣ ਲਈ।

ਰਾਸ਼ਿਦ ਨਦੀਮ ਦਾ ਜਿਸ ਦੀ ਗਜ਼ਲ਼ ਦਾ ਇਕ ਸ਼ਿਅਰ ਨਾਟਕ ਵਿੱਚ ਵਰਤਿਆ ਗਿਆ।

ਪਬਲਿਕ ਦਾ, ਜੋ ਸਮਾਂ ਕੱਢ ਕੇ ਨਾਟਕ ਵੇਖਣ ਆਏ।

**ਖਾਸ ਮਹਿਮਾਨ** :

ਬੀਬੀ ਬਲਜੀਤ ਕੌਰ ਜੀ ਖ਼ਾਲਸਾ ਤੇ ਉਹਨਾਂ ਦੀ ਟੀਮ ਦਾ ਜੋ ਖਾਸ ਤੌਰ ’ਤੇ ਇਸ ਨਾਟਕ ਨੂੰ ਵੇਖਣ ਆਏ ਸਨ। ਓਹਨਾਂ ਨੇ ਕਲਮ ਲੈਂਗਿਓਇਜ਼ ਡਿਵੈਂਲਪਮੈਂਟ ਫਾਊਡੇਸ਼ਨ ਆਫ ਨੌਰਥ ਅਮੈਰਿਕਾ ਵਲੋ ਲੇਖਕ ਤੇ ਡਾਇਰੈਕਟਰ ਪਿਆਰਾ ਸਿਘ ਕੁੱਦੋਵਾਲ ਨੂੰ ਸਨਮਾਨ ਚਿੰਨ੍ਹ ਦਿੱਤਾ।

**ਪਹਿਲੀ ਪੇਸ਼ਕਸ਼ :**

ਰੀਡਿੰਗ, ਜੂਨ 5, 2010 ਅਜੀਤ ਭਵਨ ਟੋਰੋਟੋ ਕੈਨੇਡਾ

**ਸਟੇਜ ਪੇਸ਼ਕਸ਼ :**

ਜੂਨ 26, 2010 ਚਿੰਨਗਿਊਜ਼ੀ ਹਾਈ ਸਕੂਲ਼ ਬਰੈਂਮਟਨ ਕੈਨੇਡਾ

## ਪਾਤਰ :

| ਕ੍ਰਮ | ਪਾਤਰ | ਕਲਾਕਾਰ |
|---|---|---|
| 1. | ਸਾਂਈਂ | ਸ਼ਿਵਰਾਜ਼ ਸੰਨੀ |
| 2. | ਦੂਲਾ | ਹਰਗੁਰਨੀਤ ਸਿੰਘ ਤੂਰ |
| 3. | ਟੀਚਰ | ਹਰਜੋਤ ਸਿੰਘ |
| 4. | ਮਾਂ | ਪਰਮਜੀਤ ਕੌਰ ਦਿਓਲ |
| 5. | ਪਿਤਾ | ਬਹਾਦਰ ਸਿੰਘ ਸੰਘਰਾ |
| 6. | ਬੈਰਾਗੀ | ਹਰਦਿਆਲ ਸਿੰਘ ਝੀਤਾ |
| 7. | ਦੂਲੇ ਦੀ ਪਤਨੀ | ਜਤਿੰਦਰ ਕੌਰ ਰੰਧਾਵਾ |
| 8. | ਢੰਢੋਰਚੀ 1 | ਗੁਰਕੰਵਰ ਸਿੰਘ |
| 9. | ਢੰਢੋਰਚੀ 2 | ਹਰਗੁਰਨੀਤ ਸਿੰਘ ਤੂਰ |
| 10. | ਖਜ਼ਾਨ ਸਿੰਘ | ਬਹਾਦਰ ਸਿੰਘ ਸੰਘਰਾ |
| 11. | ਡਾ. ਗੰਡਾ ਸਿੰਘ | ਨਛੱਤਰ ਸਿੰਘ ਚੌਹਾਨ |
| 12 . | ਇੰਸਾਇਕਲੋਪੀਡੀਆ | ਅਰਸ਼ ਰੰਧਾਵਾ |
| 13. | ਜੇਮਜ਼ ਬਰਾਊਨ | ਬੀਰਇੰਦਰ ਸਿੰਘ ਚੀਮਾ |
| 14. | ਨੇਤਾ | ਨਜੀਬ ਇਕਬਾਲ |
| 16. | ਬਾਬਾ | ਸੁਰਜੀਤ ਕੌਰ |
| 17. | ਸਿਪਾਹ ਸਿਲਾਰ | ਬਲਤੇਜ ਸਿੰਘ |
| 18. | ਪਹਿਲਾ ਅਤੇ ਦੂਜਾ ਸਿਪਾਹੀ | ਗੈਬੀ/ਬੀਰਇੰਦਰ ਸਿੰਘ ਚੀਮਾ |
| 19. | ਪਹਿਲਾ ਪੇਂਡੂ | ਗੁਰਕੰਵਰ ਸਿੰਘ |
| 20. | ਦੂਜਾ ਪੇਂਡੂ | ਬਹਾਦਰ ਸਿੰਘ ਸੰਘਰਾ |
| 21. | ਤੀਜਾ ਪੇਂਡੂ | ਹਰਦਿਆਲ ਸਿੰਘ ਝੀਤਾ |
| 22. | ਚੌਥਾ ਪੇਂਡੂ | ਨਛੱਤਰ ਸਿੰਘ ਚੌਹਾਨ |
| 23. | ਪਿਛੋਕੜ ਆਵਾਜ਼ | ਧੰਨਦੇਵ ਸੰਧੂ ਅਤੇ ਸੁਖਦੀਪ ਚੌਹਾਨ |
| 24. | ਪਹਿਲਾ ਬੱਚਾ | ਮਨਪਰੀਤ ਦਿਓਲ |



| | | |
|---|---|---|
| 25. | ਦੂਜਾ ਬੱਚਾ | ਸ਼ੁੱਭ ਰੰਧਾਵਾ |
| 26. | ਤੀਜਾ ਬੱਚਾ | ਜਸਜੀਤ ਸਿੰਘ ਚੌਹਾਨ |
| 27. | ਚੌਥਾ ਬੱਚਾ | ਅਕਾਸ਼ਦੀਪ ਪੱਡਾ |
| 28. | ਪਹਿਲਾ ਸਾਧੂ | ਜਤਿੰਦਰ ਰੰਧਾਵਾ |
| 29. | ਦੂਜਾ ਸਾਧੂ | ਪਿਆਰਾ ਸਿੰਘ ਕੁੱਦੋਵਾਲ |
| 30. | ਇਕ ਸਵਾਲ | ਪਿਆਰਾ ਸਿੰਘ ਕੁੱਦੋਵਾਲ ਤੇ ਸਾਰੇ ਪਾਤਰ ਵਾਰੀ ਵਾਰੀ |
| 31. | ਪਿਛੋਕੜ ਤੋਂ ਗੀਤ ਗਾਇਨ | ਪਿਆਰਾ ਸਿੰਘ ਕੁੱਦੋਵਾਲ |
| 32. | ਪਿਛੋਕੜ ਤੋਂ ਢੋਲ/ਸੰਗੀਤ | ਫਤਹਿਜੀਤ ਸਿੰਘ (ਯੰਗ ਫਤਹਿ) |
| 33. | ਬੰਸਰੀ | ਤਾਰਾ ਮਨਜਾਨੀਆ |
| 34. | ਰੌਸ਼ਨੀ | ਕਸ਼ਮੀਰ ਸਿੰਘ ਗਿੱਲ |
| 35. | ਸਟੇਜ ਸਹਾਇਕ | ਧੰਨਦੇਵ ਸੰਧੂ / ਸੁਖਦੀਪ ਚੌਹਾਨ |
| 35. | ਤਾਲਮੇਲ | ਹਰਮਹਿੰਦਰ ਜੌਹਲ |
| 36. | ਮਾਈਕ/ਡੀ ਜੇ | ਕਮਲਜੀਤ ਸਿੰਘ |
| 37. | ਵੇਸ-ਭੂਸ਼ਾ | ਸ਼ਿਵਰਾਜ਼ ਸੰਨੀ, ਸੁਰਜੀਤ, ਜਤਿੰਦਰ ਰੰਧਾਵਾ, ਪਰਮਜੀਤ ਦਿਉਲ, ਪਰਮਜੀਤ ਪੱਡਾ ਅਤੇ ਕੁੱਦੋਵਾਲ |

## ਝਾਕੀ ਨੰਬਰ ਇਕ

*ਕੈਨੇਡਾ ਦੇ ਸਕੂਲ ਦਾ ਇਕ ਦ੍ਰਿਸ਼*
*ਬ੍ਰੇਕ ਟਾਇਮ*

*ਕੁੱਝ ਬੱਚੇ ਖੇਡ ਰਹੇ ਹਨ, ਕੁੱਝ ਖਾ ਰਹੇ ਅਤੇ ਨਾਲ ਨਾਲ ਅੰਗਰੇਜ਼ੀ-ਨੁਮਾ ਪੰਜਾਬੀ ਵਿੱਚ ਗੱਲਾਂਬਾਤਾਂ ਕਰ ਰਹੇ ਹਨ :*

ਪਹਿਲਾ ਬੱਚਾ : ਹੇ, ਉਹ, ਨਵਾਂ ਟੀਚਰ ਦੇਖਿਆ ਸਕੂਲ ਵਿਚ?

ਦੂਜਾ ਬੱਚਾ : ਹਾਂ ਯਾਰ ਆਪਣੀ ਪੰਜਾਬੀ ਕੌਸਟਿਊਮ ਪਾ ਕੇ ਆ ਗਿਆ।

ਤੀਜਾ ਬੱਚਾ : ਪੰਜਾਬੀ ਡਰੈੱਸ ਨਹੀਂ ਖ਼ਾਲਸਾ ਪੰਜਾਬੀ ਕੌਸਟਿਊਮ ਪਾਇਆ ਸੀ ਉਸਨੇ।

ਚੌਥਾ ਬੱਚਾ : ਖ਼ਾਲਸਾ ਪੰਜਾਬੀ ਕੌਸਟਿਊਮ ਕੋਈ ਵੱਖਰਾ ਹੁੰਦਾ ਹੈ?

ਤੀਜਾ ਬੱਚਾ : ਵੱਖਰਾ ਤਾਂ ਨਹੀ ਹੈ ਵੇਖਣ ਵਿਚ ਵੱਖਰਾ ਲਗਦਾ ਹੈ।

ਪਹਿਲਾ ਬੱਚਾ : ਮੈਨੂੰ ਤਾਂ ਬੜਾ ਵੀਅਰਡ ਲਗਿਆ, ਭਲਾ ਅੰਗਰੇਜ਼ੀ ਸਕੂਲ ਵਿੱਚ ਪੰਜਾਬੀ "ਖ਼ਾਲਸਾ ਕੌਸਟਿਊਮ" ਔਰ ਵਟ ਐਵਰ, ਕੌਸਟਿਊਮ ਦਾ ਕੀ ਮਤਲਬ?

ਦੂਜਾ ਬੱਚਾ : ਤਾਂ ਹੀ ਗੋਰੇ ਸਾਡਾ ਮਜ਼ਾਕ ਬਣਾਉਂਦੇ ਹਨ, ਡਾਇਪਰ ਹੈੱਡ ਤੇ ਕੀ ਕੀ ਕਹਿੰਦੇ ਹਨ?

ਤੀਜਾ ਬੱਚਾ : ਆਪਾਂ ਇੰਨੇ ਕੰਮਜ਼ੋਰ ਵੀ ਨਹੀ ਨਾ ਹੋ ਸਕਦੇ ਸਾਨੂੰ ਆਪਣਾ ਕਲਚਰ ਵੀ ਐਕਸ-ਪਰੈਸ ਕਰਨਾ ਆਉਣਾ ਚਾਹੀਦਾ ਹੈ।

ਪਹਿਲਾ ਬੱਚਾ : ਉਸਦੇ ਤਾਂ ਹੋਰ ਵੀ ਤਰੀਕੇ ਹਨ, ਜਿਵੇਂ ਸੈਮੀਨਾਰ ਕਰਕੇ ਵਗੈਰਾ ਵਗੈਰਾ।

ਤੀਜਾ ਬੱਚਾ : ਪਰ ਸੈਮੀਨਾਰ ਕਰਕੇ ਤਾਂ ਖ਼ਾਲਸਾ ਪੰਜਾਬੀ ਕੌਸਟਿਊਮ ਦੇ ਸਕੈੱਚ ਵਿਖਾ ਸਕਦੇ ਹੋ ਬੰਦਾ ਕੌਸਟਿਊਮ ਪਾ



ਕਿਵੇਂ ਲਗਦੈ, ਇਹ ਤਾਂ ਪਹਿਨਿਆ ਹੀ ਪਤਾ ਲਗੂਗਾ।

ਪਹਿਲਾ ਬੱਚਾ : ਪਰ ਯਾਰ, ਇਸ ਨੂੰ ਜ਼ਿਆਦਾ ਸ਼ੌਕ ਹੈ, ਤਾਂ ਗੁਰਦਵਾਰੇ ਵਿੱਚ ਪਾ ਕੇ ਜਾ ਸਕਦਾ ਹੈ?

ਦੂਜਾ ਬੱਚਾ : ਉਥੇ ਤਾਂ ਸਾਰੇ ਆਪਣੇ ਹੀ ਹੁੰਦੇ ਨੇ, ਉਥੇ ਕੀਹਨੇ ਵੇਖਣਾ ਹੈ ਇਹਨੂੰ?

ਤੀਜਾ ਬੱਚਾ : ਆਪਣੀ ਕੰਮਿਊਨਿਟੀ ਵੀ ਤਾਂ ਗੁਰਦੁਵਾਰੇ ਫੈਸ਼ਨ ਕੌਸਟਿਊਮ ਪਾ ਕੇ ਜਾਂਦੀ ਹੈ। ਸਿਵਾਏ ਬਜ਼ੁਰਗਾਂ ਤੋਂ ਉਥੇ ਵੀ ਖ਼ਾਲਸਾ ਬਾਣੇ ਤੇ ਲੋਕ ਕਿੰਤੂ-ਪਰੰਤੂ ਕਰਦੇ ਹਨ ਅਕਸਰ !

ਚੌਥਾ ਬੱਚਾ : ਖ਼ੈਰ ਕੁੱਝ ਵੀ ਹੋਵੇ, ਮੈਨੂੰ ਤਾਂ ਆਪਣਾ ਟੀਚਰ, ਬੰਦਾ ਬਹਾਦਰ ਵਾਂਗੂੰ ਲਗਦੈ!!

ਪਹਿਲਾ ਬੱਚਾ
ਤੇ ਦੂਜਾ ਬੱਚਾ : "ਓਅ- ਵਾ-ਅ-ਟ ਬ-ਹਾ-ਐ-ਦਰ" ਵਾਂਗੂੰ ਲਗਦਾ??

ਚੌਥਾ ਬੱਚਾ : ਬਾਬਾ ਬੰਦਾ ਸਿੰਘ ਬਹਾਦਰ, ਤਹਾਨੂੰ ਨਹੀਂ ਪਤਾ ਉਹ ਕੌਣ ਸੀ?

ਪਹਿਲਾ ਬੱਚਾ
ਤੇ ਦੂਜਾ ਬੱਚਾ : ਨੋ, ਨੈਵਰ ਹਰਡ, ਬਿੱਜੀ ਇਨ ਸਟਡੀਜ਼ ਨਾਲੇ, ਇਹਨਾਂ ਵਾਧੂ ਗੱਲਾਂ ਨੇ ਕੰਮ ਨਹੀਂ ਆਉਣਾ, ਪੜ੍ਹਾਈ ਨੇ ਆਉਣਾ ਹੈ।

ਚੌਥਾ ਬੱਚਾ : ਪੜ੍ਹਾਈ ਤਾਂ ਹੀ ਪੂਰੀ ਸਮਝੀ ਜਾਂਦੀ ਹੈ ਜੇ ਆਪਣੇ ਇਤਿਹਾਸ ਬਾਰੇ ਵੀ ਜਾਣਕਾਰੀ ਹੋਵੇ ਅਤੇ ਇਸ ਤੋਂ ਬਿਨ੍ਹਾਂ ਸੈਲਫ ਰਿਸਪੈਕਟ ਸਮਝਣੀ ਔਖੀ ਹੈ!

ਪਹਿਲਾ ਬੱਚਾ : ਤੈਨੂੰ ਕਿਹਨੇ ਦੱਸਿਆ ਬੰਦਾ ਬਹਾਦਰ ਬਾਰੇ?

ਚੌਥਾ ਬੱਚਾ : ਮੇਰੇ ਮਾਤਾ ਪਿਤਾ ਤੇ ਗਰੈਂਡ ਪੇਰੈਂਟਸ ਨੇ...

*(ਟੀਚਰ ਆਉਂਦਾ ਹੈ)*

ਸਤਿ ਸ੍ਰੀ ਅਕਾਲ ਜੀ ਟੀਚਰ " ਸਤਿ ਸ੍ਰੀ ਅਕਾਲ ਜੀ

ਚੌਥਾ ਬੱਚਾ : ਸਰ, ਤੁਸੀਂ ਸਾਨੂੰ ਬੰਦਾ ਬਹਾਦਰ ਬਾਰੇ ਦੱਸ ਸਕਦੇ ਹੋ? ਨਾਲੇ ਹਨੀ ਕਹਿੰਦਾ ਸੀ, ਤੁਸੀਂ ਬੰਦਾ ਬਹਾਦਰ ਵਾਗੂੰ ਲਗਦੇ ਹੋ, ਆਈ ਮੀਨ ਉਹਨਾਂ ਦੀ ਤਸਵੀਰ ਵਿੱਚ ਦਿਸਦੀ ਇਮੇਜ਼ ਵਾਂਗ।

ਟੀਚਰ : ਹੱਸਦਾ ਹੋਇਆ, ਕਮ ਔਨ... ਕਿਡਜ਼... ਮਜ਼ਾਕ ਨਾ ਕਰੋ... ਮੈ ਤਾਂ ਇਕ ਆਮ ਸਿੱਖ ਦੀ ਤਰ੍ਹਾਂ ਜੀਊਣ ਦਾ ਵੱਲ ਸਿੱਖ ਰਿਹਾ ਹਾਂ ਇਹ ਫੈਸ਼ਨ ਕਰ ਕੇ ਵੇਖ ਲਏ, ਕੋਈ ਫਾਇਦਾ ਨਹੀਂ ਹੋਇਆ ਜਦੋਂ ਦਾ ਖ਼ਾਲਸਾ ਬਾਣਾ ਪਾਣ ਲੱਗਾਂ, ਉਹ ਲੋਕ ਵੀ ਮੇਰੇ ਨਾਲ ਗੱਲ ਕਰਨ ਲੱਗੇ ਹਨ ਜੋ ਪਹਿਲਾਂ ਮੂੰਹ ਵੱਟ ਕੇ ਲੰਘ ਜਾਂਦੇ ਸਨ... ਹਾਂ ਕੁੱਝ ਆਪਣੇ ਲੋਕ ਛੱਡ ਵੀ ਗਏ ਨੇ– ਜੋ ਦਿਲ ਨੂੰ ਪਿਆਰੇ ਵੀ ਸਨ... ਪਰ ਕੀ ਕਰ ਸਕਦੇ ਹਾਂ

*(ਬੱਚੇ ਇਕ ਦੂਜੇ ਵੱਲ ਵੇਖਦੇ)*

ਮੇਰਾ ਇਕ ਕੈਨੇਡੀਅਨ ਦੋਸਤ ਵਕੀਲ *(ਜੋ ਇਕ ਗੋਰਾ ਹੈ)* ਕਹਿੰਦਾ ਹੁੰਦਾ, ਜੇ ਦੂਜੀਆਂ ਕੌਮਾਂ ਨੇ ਜਾਂ ਗੋਰਿਆਂ ਨੇ ਸਾਡੇ ਨਾਲ ਡਿਸਕ੍ਰਿਮੀਨੇਸ਼ਨ ਕਰਨਾ ਹੈ, ਤਾਂ ਕਰਨਾ ਹੀ ਹੈ, ਡਜ਼ ਨਾਟ ਮੈਟਰ, ਤੁਸੀਂ ਕੀ ਪਾਇਆ, ਨਾਲੇ ਆਪਣੇ ਦੇਸ ਵਿਚ ਵੀ ਕਿਹੜਾ ਨਹੀਂ ਹੁੰਦਾ ਡਿਸਕ੍ਰਿਮੀਨੇਸ਼ਨ ਅਸੀਂ ਵੀ ਕਰਦੇ ਹਾਂ... ਰੰਗ ਬੋਲੀ ਨਸਲ ਜਾਤ ਦੇ ਅਧਾਰ ਤੇ ਸਾਡੇ ਗੁਰੂ ਸਾਹਿਬਾਨ ਨੇ, ਬੰਦਾ ਸਿੰਘ ਜੀ ਬਹਾਦਰ ਨੇ, ਇਸ ਨੂੰ ਇਹ ਖਤਮ ਕੀਤਾ, ਸਭ ਨੂੰ ਬਰਾਬਰ ਕੀਤਾ, ਪਿਆਰ ਕਰਨਾ ਸਿਖਾਇਆ, ਪਹਿਲੇ ਪੰਗਤ ਪਾਛੇ ਸੰਗਤ ਦਾ ਨਿਯਮ ਦਿੱਤਾ ਪਰ ਅਸੀ ਤਾਂ ਪੱਛਮੀ ਦੇਸ਼ਾਂ ਵਿਚ ਆ ਕੇ ਵੀ, ਊਚ ਨੀਚ ਜਾਤ ਪਾਤ ਦੀ ਦਲ ਦਲ ਵਿਚ ਫਸੇ ਹੋਏ ਹਾਂ। ਚੰਗਾ ਫਿਰ ਸ਼ਨੀਵਾਰ 26 ਜੂਨ 2010 ਨੂੰ, ਦਿਨ ਦੇ ਢਾਈ ਵਜੇ, ਚਿੰਨਕੂਅਜ਼ੀ ਹਾਈ ਸਕੂਲ ਬਰੈਂਪਟਨ ਟੋਰੋਂਟੋ ਦੇ ਹਾਲ



ਵਿਚ, ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਤੇ ਨਾਟਕੀ ਤਰੀਕੇ ਨਾਲ ਇਤਿਹਾਸਕ ਗੱਲਬਾਤ ਕਰਾਂਗੇ!!!!! ਤੱਥ ਵਾਚਾਂਗੇ ਕਿ ਆਮ ਲੋਕਾਂ ਦੇ ਜੀਵਨ ਵਿੱਚ ਕੀ ਬਦਲਾਅ ਆਇਆ।... ਤੇ ਹਾਂ... ਆਪਣੇ ਮਾਤਾ ਪਿਤਾ ਤੇ ਗਰੈਂਡ-ਪੇਰੈਂਟਸ ਨੂੰ ਵੀ ਲੈ ਕੇ ਆਉਣਾ... ਓ ਕੇ

ਸਾਰੇ ਬੱਚੇ : ਵੈਰੀ ਵੈੱਲ ਸਰ... ਸਭ ਕਲਾਸਾਂ ਵਿੱਚ ਜਾਂਦੇ ਹਨ...

ਪਿਛੋਕੜ ਤੋਂ : ਜਿਹੜੀਆਂ ਕੌਮਾਂ ਆਪਣਾ ਸਭਿਆਚਾਰ ਆਪਣੀ ਬੋਲੀ ਆਪਣਾ ਇਤਿਹਾਸ ਭੁੱਲ ਜਾਣ ਉਹਨਾਂ ਕੌਮਾਂ ਦੀ ਹੋਂਦ ਇਤਿਹਾਸ ਦੇ ਪੰਨਿਆਂ ਤੋਂ ਗੁੰਮ ਹੋ ਸਕਦੀ ਹੈ ਬਾਬਾਣੀਆਂ ਕਹਾਣੀਆਂ ਪੁਤਿ ਸੁਪੁਤਿ ਕਰੇਨਿ॥

**ਫੇਡ-ਆਊਟ**

## ਝਾਕੀ ਨੰਬਰ ਦੋ

*ਸਕੂਲ ਦਾ ਹਾਲ, ਲੋਕ ਤੇ ਵਿਦਿਆਰਥੀ ਕੁਰਸੀਆਂ ਵਿਚ ਬੈਠੇ ਗੱਲਾਂ ਬਾਤਾਂ ਕਰ ਰਹੇ ਹਨ*
*ਸਟੇਜ ਤੇ ਰੋਸ਼ਨੀ ਹੁੰਦੀ ਹੈ, ਟੀਚਰ ਸਟੇਜ 'ਤੇ ਆਉਂਦਾ ਹੈ:*

ਟੀਚਰ : *(ਫਤਹਿ ਗਜਾਉਣ ਤੋਂ ਬਾਅਦ ਲੋਕਾਂ ਨੂੰ ਸੰਬੋਧਿਤ ਹੋ ਕੇ :)* ਤੁਹਾਡਾ ਸਭ ਦਾ ਸਵਾਗਤ ਹੈ ਅੱਜ ਅਸੀਂ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਤੇ ਗੱਲ ਕਰਨੀ ਹੈ ਸਭ ਤੋਂ ਪਹਿਲਾਂ ਅਸੀਂ ਉਹਨਾਂ ਦੇ ਬਚਪਨ ਬਾਰੇ ਜਾਣਾਂਗੇ। ਓਹਨਾਂ ਦੇ ਜੀਵਨ ਬਾਰੇ ਕਈ ਭੁਲੇਖੇ ਹਨ। ਅੱਜ ਸਾਡੇ ਕੋਲ ਕੁੱਝ ਹੋ ਚੁੱਕੇ ਅਤੇ ਮੌਜੂਦਾ ਇਤਿਹਾਸਕਾਰ ਆਏ ਹੋਏ ਹਨ...
*(ਹੱਸ ਕੇ)* ਮੈਂ ਜਾਣਦਾ ਹਾਂ ਕਿ ਗਰੇਟਰ ਟੋਰਾਂਟੋ ਏਰੀਆ ਵਿੱਚ ਕੋਈ ਵੀ ਫੰਕਸ਼ਨ ਜੋੜ-ਮੇਲਾ ਸਭਾ ਦੀ ਮੀਟਿੰਗ, ਵਿਆਹ, ਸ਼ਾਦੀ ਮੰਗਣੀ ਇਥੋਂ ਤੱਕ ਕਿ ਫਿਊਨਰਲ ਦੀ ਰਸਮ ਵੀ ਤਾਂ ਹੀ ਸਫਲ ਸਮਝੀ ਜਾਦੀ ਹੈ ਜੇ ਉਥੇ ਕੋਈ ਰਾਜਨੀਤਕ ਨੇਤਾ ਪਹੁੰਚਿਆ ਹੋਵੇ।... ਹਾਂ ਜੀ ਸਾਡੇ ਕੋਲ ਵੀ ਪਹੁੰਚੇ ਹੋਏ ਹਨ ਨੇਤਾ... ਇਕ ਨੇਤਾ ਖਾਸ ਤੌਰ 'ਤੇ ਇੰਡੀਆ ਤੋਂ ਆਏ ਹਨ... ਮੇਰਾ ਮੂੰਹ ਨਾ ਖੁਲਵਾਉ... ਤੁਹਾਨੂੰ ਪਤਾ ਹੀ ਹੈ... ਇਹ ਵੀ ਰਿਵਾਜ ਦਾ ਇਕ ਹਿੱਸਾ ਬਣ ਚੁੱਕੈ ਅੱਜ-ਕੱਲ, ਭਾਰਤ ਤੋਂ ਨੇਤਾ ਆਵੇ ਹੋਰ ਵੀ ਟੌਹਰ ਬਣ ਜਾਂਦੀ ਹੈ- ਇਧਰ ਕੇਨੇਡਾ ਵਿੱਚ ਵੀ ਤੇ ਦੇਸ਼ ਵਿੱਚ ਵੀ... ਲਾਲ ਬੱਤੀ ਵਾਲੀ ਗੱਡੀ ਦਾ ਝੂਟਾ...ਅਤੇ...ਖੈਰ

*ਪੈਨਲ ਲਈ ਜ਼ੋਰਦਾਰ ਤਾੜੀਆਂ...*



ਟੀਚਰ : ਸਭ ਤੋਂ ਪਹਿਲਾਂ ਮੈਂ ਸੱਦਾ ਦੇ ਰਿਹਾਂ : ਸ ਖਜ਼ਾਨ ਸਿੰਘ ਜੀ ਨੂੰ

ਖਜ਼ਾਨ ਸਿੰਘ : ਹਾਂ ਬੰਦਾ ਬਹਾਦਰ ਸਾਹਿਬ ਇਕ ਰਾਜਪੂਤ ਸਨ ਉਹਨਾਂ ਦਾ ਨਾਂ ਲ਼ਛਮਣ ਦੇਵ ਸੀ। ਉਹਨਾਂ ਦੇ ਪਿਤਾ ਜੀ, ਰਾਮਦੇਵ ਮਿਨਹਾਸ ਵਾਹੀ ਕਰਦੇ ਸਨ

ਟੀਚਰ : ਹੁਣ ਮੈਂ ਬੇਨਤੀ ਕਰਦਾਂ "ਲਾਈਫ ਆਫ ਬੰਦਾ ਬਹਾਦਰ" ਦੇ ਲੇਖਕ ਡਾ ਗੰਢਾ ਸਿੰਘ ਨੂੰ

ਡਾ. ਗੰਢਾ ਸਿੰਘ : ਮੇਰੇ ਵਿਚਾਰ ਵਿੱਚ ਉਹ ਇਕ ਰਾਜਪੂਤ ਸੀ ਅਤੇ ਮਿਨਹਾਸ ਘਰਾਣੇ ਵਿਚ ਪੈਦਾ ਹੋਇਆ, ਬੰਦਾ ਸਿੰਘ ਬਹਾਦਰ, ਸੂਰਜ-ਵੰਸ਼ੀ ਰਾਜਪੂਤ ਸੀ।

ਟੀਚਰ : ਇੰਸਾਈਕਲੋਪੀਡੀਆ ਬ੍ਰਿਟੈਨੀਕਾ ਜੀ ਤੁਹਾਡਾ ਕੀ ਖ਼ਿਆਲ ਹੈ?

ਈ ਬਿ. : ਉਹਨਾਂ ਨੂੰ ਲਛਮਣ ਦਾਸ ਜਾਂ ਲਛਮਣ ਦੇਵ ਜਾਂ ਮਾਧੋਦਾਸ ਆਖਿਆ ਜਾਂਦਾ ਹੈ। 1670 ਵਿਚ ਰਜੌੜੀ ਜੰਮੂ ਕਸ਼ਮੀਰ ਵਿਖੇ ਪੈਦਾ ਹੋਇਆ ਤੇ 1716 ਵਿਚ ਦਿੱਲੀ ਵਿਚ ਸ਼ਹੀਦ ਹੋਇਆ, ਉਹ ਪਹਿਲਾ ਸਿੱਖ ਜਰਨੈਲ ਸੀ ਜਿਸਨੇ ਮੁਗਲਾਂ ਦੇ ਐਡੇ ਵੱਡੇ ਰਾਜ ਵਿਰੁੱਧ ਫ਼ੌਜੀ ਹਮਲੇ ਕੀਤੇ ਅਤੇ ਮੁਗਲਾਂ ਨੂੰ ਹਰਾ ਕੇ, ਸਿੱਖ ਰਾਜ ਖੜ੍ਹਾ ਕੀਤਾ।

ਟੀਚਰ : ਇੰਡੀਆ ਟਰੈੱਕਸ ਦੇ ਲੇਖਕ ਮੇਜਰ ਜੇਮਜ਼ ਬਰਾਊਨ ਦੇ ਖਿਆਲ ਸੁਣੋ:

ਮਿ. ਬਰਾਊਨ : ਮੈਂ ਸਮਝਦਾ ਹਾਂ ਕਿ ਬੰਦਾ ਬਹਾਦਰ ਇਕ ਪੇਸ਼ਵਾ ਘਰਾਣੇ ਦਾ ਮਰਹੱਟਾ ਸੀ ਮਹਾਂਰਾਸ਼ਟਰ ਤੋਂ ਸੀ

ਟੀਚਰ : ਮੇਜਰ ਬਰਾਊਨ ਨੇ ਇਸ ਕਰਕੇ ਭੁਲੇਖਾ ਖਾਧਾ ਹੈ ਕਿਉਂਕਿ ਬੰਦਾ ਸਿੰਘ ਬਹਾਦਰ ਮਹਾਂਰਾਸ਼ਟਰ ਦੇ ਨੰਦੇੜ ਵਿੱਚ ਰਹੇ ਸਨ। ਉਹ ਅਸਲ ਵਿੱਚ ਪੰਜਾਬ ਜਾਂ ਜੰਮੂ ਕਸ਼ਮੀਰ ਤੋਂ ਸਨ।

ਟੀਚਰ : ਅੱਜ ਕੱਲ ਦੇ ਕੁੱਝ ਨੇਤਾ ਕੀ ਕਹਿ ਰਹੇ ਹਨ:

ਨੇਤਾ : ਅਰੇ ਬਈ ਬੰਦਾ ਜੀ ਤੋ ਹਮਾਰੇ ਮਹਾਂਰਾਸ਼ਟਰ ਮੇਂ ਰਹੇ,

ਹਮਾਰੇ ਹੀ ਹੁਏ ਨਾਂਹ?

ਟੀਚਰ : ਹਾਂ ਬਈ, ਅਬ ਇਨਕੋ ਸਿੱਖ ਵੋਟ ਚਾਹੀਏ ਤੋ ਸਭ ਕੁੱਝ ਇੰਨ ਕਾ, ਸਿੱਖ਼ ਤੇ ਪੰਜਾਬੀ ਭੀ ਇਮੋਸ਼ਨਲ ਬਲੈਕ ਮੇਲ ਹੋਣ ਵਿਚ ਮਾਹਿਰ ਹਨ, ਝੱਟਪਟ ਮੰਨ ਜਾਂਦੇ ਹਨ, ਦਰ ਅਸਲ ਭੋਲੇ ਹਨ, ਪਰ ਹੁਣ ਅਸੀਂ ਭੋਲੇ ਨਹੀਂ ਰਹਿਣਾ, ਇਤਿਹਾਸ ਨੂੰ ਸਮਝਣਾ, ਜਾਨਣਾ ਤੇ ਗੌਰਵਮਈ ਬਣਨਾ ਹੈ ਤੇ ਇਹਨਾਂ ਨੇਤਾਵਾਂ ਦੇ ਫੋਕੇ ਵਾਅਦਿਆਂ ਦੀ ਬੀਨ ਤੇ ਮੁਗਧ ਨਹੀਂ ਹੋਣਾ...

*(ਕੁੱਝ ਲੋਕ ਦੂਰੋ)* ਦੁੱਕੀ ਤਿੱਕੀ ਚੱਕ ਦਿਆਂਗੇ!!...

ਪਿਛੋਕੜ ਤੋਂ : ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਗੂੰਜਦਾ ਹੈ... ਰੌਲ਼ਾ ਸ਼ਾਂਤ ਹੁੰਦਾ ਹੈ :

ਟੀਚਰ : ਕੂਲ ਡਾਊਨ ਪਲੀਜ਼ ਬਈ ਨੇਤਾ ਜੀ ਲਈ ਜ਼ੋਰਦਾਰ ਤਾੜੀਆਂ ਜਰੂਰ ਮਾਰੋ... ਦੂਰੋਂ ਆਏ ਨੇ ਸਵਾਗਤ ਕਰਨਾ ਤਾਂ ਬਣਦੈ... ਤਾੜੀਆਂ...

*(ਨੇਤਾ ਧੰਨਵਾਦ ਵਿੱਚ ਹੱਥ ਹਿਲਾਉਂਦਾ ਹੈ)*

ਟੀਚਰ : ਆਖ਼ਿਰ ਵਿੱਚ ਸਾਡੇ ਲੋਕਲ *(ਕੈਨੇਡੀਅਨ ਪੰਜਾਬੀ)* ਨੇਤਾ ਸਭਾ ਦੇ ਵਿਚਾਰ ਸੰਪੰਨ ਕਰਨਗੇ:

ਲੋਕਲ ਨੇਤਾ : ਬੰਦਾ ਬਹਾਦਰ ਮਹਾਨ ਸਿੱਖ ਸੀ...ਰਾਜਪੂਤ ਘਰਾਣੇ ਵਿੱਚ ਪੈਦਾ ਹੋਇਆ ਉਸਦਾ ਪਿਤਾ ਰਾਮਦੇਵ ਮਿਨਹਾਸ, ਜੰਮੂ ਦੇ ਇਲਾਕੇ ਵਿੱਚ ਰਜੌਰੀ ਦੇ ਨੇੜੇ ਤੇੜੇ ਖੇਤੀ ਤੇ ਨਿਰਬਾਹ ਕਰਦਾ ਸੀ। ਉਸਦੇ ਬਚਪਨ ਦਾ ਨਾਂ ਲਛਮਣ ਦਾਸ ਸੀ ਤੇ ਫਿਰ ਮਾਧੋ ਦਾਸ ਬੈਰਾਗੀ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਤੇ ਦੱਸਵੇਂ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਦਾ ਖ਼ਿਤਾਬ ਦਿੱਤਾ। ਮੰਨਿਆਂ ਜਾਂਦਾ ਕਿ ਉਹ ਬਚਪਨ ਤੇ ਭਰ ਜਵਾਨ ਹੋਣ ਤੱਕ ਕਾਫ਼ੀ ਤਾਕਤਵਰ ਹੋ ਚੁੱਕਾ ਸੀ... *(ਅੰਤ ਵਿੱਚ ਇਕ ਸ਼ਿਅਰ ਸੁਣਾਉਂਦਾ ਹਾਂ:)*



ਇਨਕਲਾਬੀ ਹੋਣਾ ਚੰਗਾ ਸਿੱਖ ਹੋਣਾ
ਉਹਦੋਂ ਵੀ ਸੀ 'ਤੇ ਅੱਜ ਵੀ ਹੈ
ਮੌਤ ਨਾਲ ਜਿਉਂ ਮੱਥਾ ਲਾਉਣਾ
ਉਹਦੋਂ ਵੀ ਸੀ 'ਤੇ ਅੱਜ ਵੀ ਹੈ

*ਆਉ ਬੰਦਾ ਸਿੰਘ ਬਹਾਦਰ ਦੀ ਜੀਵਨ ਦੇ ਕੁੱਝ ਅੰਸ਼ ਵੇਖੀਏ:*

**ਫੇਡ-ਆਊਟ**

## ਝਾਕੀ ਨੰਬਰ ਤਿੰਨ

*ਦ੍ਰਿਸ਼-ਰਜੌੜੀ ਪਿੰਡ ਦੀ ਸੱਥ*
*ਹਨੇਰਾ... ਚਾਨਣ*

ਪਹਿਲਾ ਪੇਂਡੂ : ਉਹ ਬਈ ਰਾਮਦੇਵ ਮਿਨਹਾਸ ਦਾ ਮੁੰਡਾ ਲਛਮਣ ਦੇਵ ਬੜਾ ਜ਼ੋਰ ਵਾਲਾ ਨਿਕਲਿਆ।

ਦੂਜਾ ਪੇਂਡੂ : ਘੁੱਲਦਾ ਵੇਖਣ ਵਾਲਾ, ਬਈ ਬੱਲੇ ਬੱਲੇ,

ਪਹਿਲਾ ਪੇਂਡੂ : ਐਨਾ ਜ਼ੋਰ ਕਿ ਬਾਕੀ ਸਭ ਪਹਿਲਵਾਨ ਥੱਲੇ ਥੱਲੇ।

ਦੂਜਾ ਪੇਂਡੂ : ਜਾਹ ਖਾਂ ਕੋਈ ਕਿਤੇ ਹੱਥ ਪਾਉਣ ਦੇਵੇ ਆਪਣੇ ਸਰੀਰ ਨੂੰ।

ਪਹਿਲਾ ਪੇਂਡੂ : ਐਸੇ ਦਾਅ ਪੇਚ ਮਾਰਦਾ, ਪਲਾਂ ਚ ਵੱਡੇ ਤੋਂ ਵੱਡਾ ਭਲਵਾਨ ਚਿੱਤ ਕਰਕੇ ਮਾਰਦਾ ਜਾਂ ਫਿਰ ਤਕੜੇ ਤੋਂ ਤਕੜਾ ਬੰਦਾ ਵੀ ਉਹਦੇ ਮੂਹਰੇ ਹੱਥ ਖੜੇ ਕਰਕੇ ਹਾਰ ਮੰਨ ਜਾਂਦਾ।

ਦੂਜਾ ਪੇਂਡੂ : ਧੌਣ ਨੂੰ ਜੰਦਾ ਮਾਰਨ ਵਿਚ ਮਾਹਿਰ ਹੈ ਸਾਹਮਣਲੇ ਭਲਵਾਨ ਨੂੰ ਛਟੀ ਦਾ ਦੁੱਧ ਚੇਤੇ ਕਰਵਾ ਕੇ ਛੱਡਦਾ।

ਪਹਿਲਾ ਪੇਂਡੂ : ਰਜੌੜੀ ਦਾ ਨਾਂ ਉੱਚਾ ਕਰ ਦਿੱਤਾ ਇਲਾਕੇ ਵਿਚ ਲਛਮਣ ਨੇ।

ਦੂਜਾ ਪੇਂਡੂ : ਘੋੜਿਆਂ ਦੀ ਦੌੜ ਵਿਚ ਅੱਜ ਤੱਕ ਸਾਨੀ ਨਹੀਂ ਹੋ ਸਕਿਆ ਕੋਈ ਉਸਦਾ।

ਪਹਿਲਾ ਪੇਂਡੂ : ਤੀਰ ਅੰਦਾਜੀ 'ਚ ਨਿਪੁੰਨ, ਉਹਦਾ ਤੀਰ ਨਿਸ਼ਾਨੇ 'ਤੇ ਵੱਜਦਾ ਮਹਾਂ-ਭਾਰਤ ਦੇ ਅਰਜਨ ਵਾਂਗ।

ਦੂਜਾ ਪੇਂਡੂ : ਇਹ ਤਾਂ ਕੋਈ ਮਹਾਨ ਰੂਹ ਆਈ ਹੈ ਧਰਤੀ ਤੇ, ਯਾਦ ਕਰੂਗੀ ਦੁਨੀਆਂ।



ਪਹਿਲਾ ਪੇਂਡੂ : ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਇਹ ਮੁੰਡਾ ਨਾਂ ਰੌਸ਼ਨ ਕਰੂ ਆਪਣੇ ਪਿੰਡ ਦਾ...

ਤੀਜਾ ਪੇਂਡੂ : *(ਹੋਕੇ ਦੀ ਆਵਾਜ਼ ਵਿੱਚ)* ਲੋਕੋ... ਲਛਮਣ ਨੇ ਅੱਜ...
ਕੀਤਾ ਹੈ ਹਿਰਨੀ ਦਾ ਸ਼ਿਕਾਰ
ਹੋ ਜਾਉ ਖਾਣ ਲਈ ਤਿਆਰ
ਕਰ ਲਉ ਮਸਾਲੇ ਤਿਆਰ,
ਗੰਢੇ ਰਗੜ ਰਗੜ ਕੇ ਚਾਰ...

*(ਸਾਰੇ ਖ਼ੁਸ਼ ਹੁੰਦੇ ਹਨ)*

ਦੂਜਾ ਪੇਂਡੂ : ਇਕ ਦਿਨ ਮੁਗਲਾਂ ਦੀ ਗੁਲਾਮੀ ਤੋਂ ਮੁਕਤ ਕਰਵਾਏਗਾ ਇਹ ਨੌਜਵਾਨ... ਮੈਨੂੰ ਅਸਾਰ ਦਿਸ ਰਹੇ ਹਨ... ਇਹ ਸ਼ਿਕਾਰ ਤਾਂ ਬਹਾਨੇ ਹਨ... ਅਸਲ ਵਿੱਚ ਕਿਸੇ ਯੁੱਧ ਵਿੱਚ ਚਲਦੇ... ਹਥਿਆਰ ਦਿੱਸ ਰਹੇ ਹਨ।

***ਹਨੇਰਾ... ਚਾਨਣ***

ਤੀਜਾ ਪੇਂਡੂ : *(ਹੋਕੇ ਦੀ ਆਵਾਜ਼ ਵਿੱਚ)* ਓ ਲਛਮਣ ਬਹੁਤ ਢਿੱਲਾ ਹੋ ਗਿਐ ਭਾਈ ਲੋਕੋ ਕਰੋ ਕੋਈ ਹੀਲਾ... ਬੁਲਾਓ ਕੋਈ ਮਾਂਦਰੀ ਲੋਕੋ...

ਪਹਿਲਾ ਪੇਂਡੂ : ਲਛਮਣ ਤਾਂ ਉਸ ਦਿਨ ਦਾ ਮੰਜੇ ਤੋ ਨਹੀਂ ਉਠਿਆ, ਜਿਸ ਦਿਨ ਦਾ ਹਿਰਨੀ ਦਾ ਸ਼ਿਕਾਰ ਕੀਤਾ, ਬੀਮਾਰ ਹੋ ਗਿਐ!!

ਦੂਜਾ ਪੇਂਡੂ : ਹਿਰਨੀ ਦੇ ਬੱਚਿਆਂ ਦਾ ਤੜਫ਼ ਕੇ ਮਰਨਾ ਵੇਖ ਨਹੀਂ ਸਕਿਆ, ਗ਼ਮ ਲਾ ਬੈਠਾ... ਉਸ ਦੀ ਮਾਂ ਤਾਂ... ਵਿਚਾਰੀ ਵਿਰਲਾਪ ਕਰ ਰਹੀ ਹੈ।

ਪਹਿਲਾ ਪੇਂਡੂ : ਲਛਮਣ ਇਕ ਬਹਾਦਰ ਤੇ ਦਿਆਲੂ ਮੁੰਡੈ...ਇਸੇ ਲਈ ਗ਼ਮ ਲਾ ਬੈਠਾ...

*(ਹਾਉਕਾ ਲੈ ਕੇ)*

ਅਣਜੰਮੇ ਬੱਚੇ ਮਾਰਨ ਦਾ ਦਰਦ ਕੋਈ ਕੋਈ ਸਮਝਦੈ...
ਇਥੇ ਕਈ ਨਿੱਤ ਮਾਰਦੇ ਨੇ ਕੁੱਖਾਂ 'ਚ ਧੀਆਂ!!

ਜਾਂ ਜੰਮਦੀਆਂ ਮਾਰ ਦਿੰਦੈ, ਗਲ ਗੂਹਠਾ ਦੇ ਕੇ!!
ਕੁੱਝ ਨਹੀਂ ਹੁੰਦਾ ਉਹਨਾਂ ਨੂੰ...
ਹੀਂ ਹੀਂ ਕਰਦੇ ਰਹਿੰਦੇ ਆ... ਚੌੜੇ ਹੋ ਹੋ ਫਿਰਦੈ ਆ
...ਪਰ ਲਛਮਣ ਰੱਬੀ ਰੂਹ ਆ ਕੋਮਲ ਹਿਰਦੈ

ਦੂਜਾ ਪੇਂਡੂ : ਹਿਰਨੀ ਦਾ ਸ਼ਿਕਾਰ ਕਰਨ ਗਿਆ...ਅਣਜੰਮੇ ਬੱਚੇ ਮਾਰਨ ਦਾ ਸੰਤਾਪ ਲੈ ਬੈਠਾ... ਭੁਲੇਖੇ ਦਾ ਪਾਪ... ਉਸਦੇ ਮਨ ਦਾ ਸਰਾਪ ਬਣ ਗਿਐ... ਕੜੀ ਵਰਗਾ ਸਖ਼ਤ ਜਵਾਨ...ਮੰਜੇ ਨਾਲ ਜੁੜ ਗਿਆ... ਸੁਣੋ ਉਸਦੀ ਮਾਂ ਦਾ ਵਿਰਲਾਪ

ਪਿਛੋਕੜ ਤੋਂ ਆਵਾਜ਼ : ਓ ਲੋਕੋ ਮੈਂ ਕੀ ਕਰਾਂ... ਕਿੱਥੇ ਲੈ ਕੇ ਜਾਵਾਂ ਮੁੰਡੇ ਨੂੰ... ਕਿਸੇ ਵੈਦ ਦੀ ਦਵਾਈ- ਏਸ ਮੂੰਹ ਵੀ ਨਾ ਲਾਈ, ਨਾ ਬੋਲਦਾ, ਨਾ ਚਲਦਾ, ਨਾ ਖਾਂਦਾ, ਨਾ ਪੀਂਦਾ ਓ ਬਹੁੜੀ ਵੇ ਰੱਬਾ !ਮੇਰੇ ਪੁੱਤ ਤੇ ਮਿਹਰ ਕਰੀਂ ਵੇ ਰੱਬਾ!ਮੇਰੇ ਪੁੱਤ 'ਤੇ ... ਵੇ ਲੋਕੋ, ਕਰੋ ਵੇ ਦੁਆਵਾਂ ਮੇਰੇ ਪੁੱਤ ਲਈ... ਓ ਰੱਬਾ-ਸੁਣੀਂ ਅਰਜ਼ੋਈ...

ਪਿਛੋਕੜ ਤੋਂ ਆਵਾਜ਼ :

ਦੂਜਾ ਪੇਂਡੂ : ਓ ਭਲਿਓ ਲੋਕੋ,
ਇਹ ਉਦਾਸੀ ਹੈ,
ਓਸ ਚੁੱਪ ਦੀ ਉਦਾਸੀ,
ਜਿਸ ਨੇ ਅਜੇ ਤੱਪਣਾ
ਕੜਨਾ ਰਿੱਝਣਾ
ਇਕ ਦਿਨ ਲੋਹ ਪੁਰਸ਼ ਬਣ ਕੇ ਉਗਮਣਾ,
ਲਛਮਣ ਦਾਸ ਦੀ ਚੁੱਪ
ਇਨਕਲਾਬ ਦੀ ਤਿਆਰੀ ਹੈ
ਇਸ ਨੇ ਇਕ ਦਿਨ ਸਾਡਾ ਗਾਡੀ-ਰਾਹ ਬਣਨਾ
ਸਾਡੇ ਗਲੋਂ ਮੁਗਲਾਂ ਦੀ ਗੁਲਾਮੀ ਦਾ ਜੂਲ੍ਹਾ ਲਾਹੁਣਾ
ਸਾਨੂੰ ਇਜ਼ਤ ਨਾਲ ਜੀਣ ਦਾ ਢੰਗ ਦੱਸਣਾ
ਰਜੋੜੀ ਦੇ ਇਸ ਕਸਬੇ ਨੂੰ



ਦੁਨੀਆਂ ਵਿਚ ਸਤਿਕਾਰ ਯੋਗ ਬਣਾਉਣਾ ;
ਉਸਦੀ ਚੁੱਪ ਨਾ ਤੋੜੋ ਲੋਕੋ...2
ਉਸਦੀ ਚੁੱਪ ਨਾ ਤੋੜੋ ਲੋਕੋ...2
ਇਹ ਚੁੱਪ ਆਜ਼ਾਦੀ ਲਈ ਬਣਨੀ ਤਾਕਤ ਭਾਰੀ ਹੈ...

ਪਿਛੋਕੜ ਤੋਂ ਆਵਾਜ਼ : "ਕੋਈ ਜਦ ਆਪਣੇ ਆਤਮ ਸਨਮੁੱਖ ਹੋ ਜਾਵੇ
ਬੁੱਧ ਬਣ ਜਾਏ ਜਾਂ ਫਿਰ ਸੂਰਜ ਹੋ ਜਾਵੇ
ਚਾਨਣ ਫੈਲੇ ਤੇ ਰਾਹ ਪੱਧਰੇ ਵੀ ਹੋ ਜਾਵਣ
ਨਵ-ਨਿਰਮਾਣ ਸਮਾਜ ਦਾ ਸੰਭਵ ਹੋ ਜਾਵੇ"

**ਫੇਡ-ਆਊਟ**

## ਝਾਕੀ ਨੰਬਰ ਚਾਰ

*ਘਰ ਦਾ ਵਿਹੜਾ ਲਛਮਣ ਦਾਸ (ਬੰਦਾ ਬਹਾਦਰ)*
*ਦੀ ਮਾਂ ਕੰਮ ਕਰਦੀ ਕਰਦੀ*
*ਲਛਮਣ ਦਾਸ ਅੰਦਰ ਕਮਰੇ ਵਿੱਚ ਹੀ ਹੈ*

ਲਛਮਣ ਦਾਸ ਦੀ ਮਾਂ : ਲਛਮਣ ਜੇ ਤੂੰ ਸਾਧੂਆਂ ਨਾਲ ਚਲਾ ਗਿਆ ਸਾਡਾ ਕੀ ਬਣੂੰ ਪੁੱਤ?

ਲਛਮਣ (ਅੰਦਰੋਂ ਹੀ) : ਮੈਂ ਹੁਣ ਫੈਸਲਾ ਕਰ ਚੁੱਕਾਂ ਮਾਂ, ਹੁਣ ਨਾ ਮੈਨੂੰ ਰੋਕ ਐ ਮਾਂ...

ਮਾਂ : ਤੂੰ ਫਿਰ ਕਦੋਂ ਫੇਰਾ ਪਾਵੇਂਗਾ ਪੁੱਤ... ਤੇਰੇ ਬਿਨਾਂ ਰਜੌੜੀ ਦੀਆਂ ਵਾਦੀਆਂ ਸੁੰਨੀਆਂ ਹੋ ਜਾਣੀਆਂ...
ਅਖਾੜੇ ਸੁੰਨੇ ਹੋ ਜਾਣੇ ਨੇ
ਖੇਤ ਖਲਿਆਣ ਤੇ ਵਾੜੇ ਸੁੰਨੇ ਹੋ ਜਾਣੇ ਨੇ... ਦੱਸ ਕਦੋਂ ਫੇਰਾ ਪਾਵੇਂਗਾ ਪੁੱਤ??

ਲਛਮਣ (ਅੰਦਰੋਂ ਹੀ) : ਮੈਂ ਇਕ ਦਿਨ ਆਵਾਂਗਾ ਜ਼ਰੂਰ... ਕਿਸ ਤਰ੍ਹਾਂ ਆਵਾਂਗਾ ਕਹਿ ਨਹੀ ਸਕਦਾ... ਪਰ ਜਦ ਆਵਾਂਗਾ ਸਾਰੀ ਦੁਨੀਆਂ ਜਾਣ ਲਵੇਗੀ... ਖੇਤਾਂ ਤੇ ਆਪਣੀ ਮਲਕੀਅਤ ਹਊ... ਕੌਮ ਆਜ਼ਾਦੀ ਮਾਣ ਲਵੇਗੀ

ਮਾਂ : ਜਾਹ ਤੈਨੂੰ ਤੱਤੀ 'ਵਾ ਨਾ ਲੱਗੇ ਪੁੱਤਰਾ... ਆਪਣੇ ਆਕੀਦੇ ਵਿਚ ਕਾਮਯਾਬ ਹੋਵੇਂ

ਮਾਂ : ਸਿਰੜ ਰੱਖੀਂ ਪੁੱਤਾ, ਸਬਰ ਰੱਖੀਂ ਪੁੱਤਾ... ਜ਼ਬਤ ਰੱਖੀਂ ਤੇ ਗੰਢ ਪੀਡੀ ਰੱਖੀਂ ਲਛਮਣ ਪੁੱਤਰ

ਲਛਮਣ (ਅੰਦਰੋਂ ਹੀ) : ਚੰਗਾ ਗ਼ਮ ਨਾ ਲਾਈਂ ਮਾਂ
ਰੱਬ ਦਾ ਸ਼ੁਕਰ ਮਨਾਈਂ ਮਾਂ

ਮਾਂ : ਗ਼ਮ ਤਾਂ ਮੈਨੂੰ ਲਾ ਚਲਿਆਂ ਪੁੱਤ
ਗ਼ਮ ਤਾਂ ਮੈਨੂੰ ਲਾ ਚਲਿਆਂ ਪੁੱਤ



ਗ਼ਮ ਤਾਂ ਮੈਨੂੰ ਲਾ ਚਲਿਆਂ ਪੁੱਤ

*...ਤੇ ਲਛਮਣ ਦਾਸ (ਬੰਦਾ ਸਿੰਘ ਬਹਾਦਰ) ਘਰੋਂ*
*ਸਾਧੂਆਂ ਨਾਲ ਤੁਰ ਗਿਆ...*

ਪਿਛੋਕੜ ਤੋਂ : ਤੂਫ਼ਾਨ ਦਾ ਰਾਹ ਕੋਈ ਮੋੜ ਨਹੀਂ ਸਕਦਾ
ਆਜ਼ਾਦੀ ਲਈ ਉਮੜਿਆ ਜੋਸ਼
ਕੋਈ ਜਬਰ ਰੋਕ ਨਹੀ ਸਕਦਾ
ਇਨਕਲਾਬ ਲਈ ਘਰੋਂ ਬੇਘਰ ਹੋਣਾ ਪੈਂਦਾ
ਇਹ ਚੁੱਲਿਆਂ ਮੂਹਰੇ ਬਹਿ ਕੇ ਹੋ ਨਹੀ ਸਕਦਾ

ਪਿਛੋਕੜ ਤੋਂ : ਇਹ ਤਾਂ ਹਰ ਕੋਈ ਹੀ ਚਾਹਵੇ
ਕੋਈ ਰੱਬੀ ਰੂਹ ਉਸਦੇ ਘਰ ਜੰਮੇ,
ਪਰ ਸ਼ਰਾਬੀ ਕੋਈ ਸਾਧੂ ਜਾਂ ਇਨਕਲਾਬੀ
ਗਵਾਂਡੀ ਦੇ ਜਾਂ ਦੋ ਚਾਰ ਘਰ ਛੱਡ ਕੇ ਜੰਮੇ!!

**ਫੇਡ-ਆਊਟ**

## ਝਾਕੀ ਨੰਬਰ ਪੰਜ

(1688– 1708)

*ਬੰਦਾ ਬਹਾਦਰ ਤਕਰੀਬਨ 20 ਸਾਲ ਘੋਰ ਤਪੱਸਿਆ ਕਰਦਾ ਹੈ:*
*ਬੈਰਾਗੀ ਦੇ ਨਾਂ ਹੇਠ ਮਸ਼ਹੂਰ ਹੋ ਚੁੱਕਾ ਹੈ।*
*ਲੋਕਾਂ ਵਿਚ ਉਸਦੀ ਬੜੀ ਮਾਨਤਾ ਹੈ।*
*ਵੱਡੇ ਰਿਸ਼ੀ ਮੁਨੀ ਉਸਦੀਆਂ ਕਰਾਮਾਤੀ ਸ਼ਕਤੀਆਂ ਅੱਗੇ ਘੁੱਟਨੇ ਟੇਕ ਚੁੱਕੇ ਹਨ।*
*ਰਿਧੀਆਂ ਸਿਧੀਆਂ ਦਾ ਮਾਲਕ, ਉਹ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਹੈ।*
*...ਸਾਧਨਾ... ਬੈਰਾਗੀ ਸਾਧਨਾ ਕਰਦਾ ਹੈ (ਇਕ ਇਕ ਮਿੰਟ ਪੂਰਾ ਦਾ ਦ੍ਰਿਸ਼...)*

**ਫੇਡ-ਆਊਟ**



## ਝਾਕੀ ਨੰਬਰ ਛੇ

*ਸਤੰਬਰ 1708 ਨੰਦੇੜ ਬੰਦੇ ਬੈਰਾਗੀ ਦਾ ਡੇਰਾ*

ਪਹਿਲਾ ਸਾਧ : ਔਹ ਵੇਖੋ ਬਾਬਿਓ, ਓਧਰ ਵੇਖੋ ਬਾਬਿਓ।
ਦੂਜਾ ਸਾਧੂ : ਓ ਹਾਂ!! ਕੋਈ ਫ਼ੌਜੀ ਦਸਤਾ ਆ ਰਿਹੈ।
ਪਹਿਲਾ ਸਾਧੂ : ਸੁਣੋ ਘੋੜਿਆ ਦੀ ਟਾਪ।
ਦੂਜਾ ਸਾਧੂ : ਹਥਿਆਰਾਂ ਦੀ ਖੜਖੜ।
ਪਹਿਲਾ ਸਾਧੂ : ਤੂਫ਼ਾਨ ਜਿਉਂ ਕੋਈ ਚੜ੍ਹਿਆ ਆ ਰਿਹੈ।
ਦੂਜਾ ਸਾਧੂ : ਹਾਂ ਬਈ. ਥੋੜ੍ਹੇ ਨੇ ਘੋੜ ਸਵਾਰ ਤੇ ਮੂਹਰੇ ਕੋਈ ਸਰਦਾਰ।
ਪਹਿਲਾ ਸਾਧੂ : ਕੋਈ ਜਰਨੈਲ ਲਗਦੈ।
ਦੂਜਾ ਸਾਧੂ : ਮੈਨੂੰ ਤਾਂ ਸ਼ਹਿਨਸ਼ਾਹ ਲਗਦੈ
ਪਹਿਲਾ ਸਾਧੂ : ਵੇਖੋ ਉਹਦੇ ਚਿਹਰੇ ਦਾ ਨੂਰ।
ਦੂਜਾ ਸਾਧੂ : ਉਹਦੇ ਮੁੱਖ ਦਾ ਜਲਾਲ।
ਪਹਿਲਾ ਸਾਧੂ : ਉਹਦੀ ਲੰਮੀ ਨਦਰਿ।
ਦੂਜਾ ਸਾਧੂ : ਕਿਵੇਂ ਕਰਦੀ ਨਿਹਾਲ।
ਪਹਿਲਾ ਸਾਧੂ : ਪਰ ਸਾਡੇ ਡੇਰੇ ਤੇ ਕਿਉਂ ਆਏ?
ਦੂਜਾ ਸਾਧੂ : ਰਸਤਾ ਭਟਕ ਗਏ ਲਗਦੈ।
ਪਹਿਲਾ ਸਾਧੂ : ਆਰਾਮ ਲਈ ਅਟਕ ਗਏ ਲਗਦੈ।
ਦੂਜਾ ਸਾਧੂ : *(ਹੱਸ ਕੇ)* ਫਿਰ ਤਾਂ ਲਟਕ ਗਏ ਲਗਦੈ।
ਪਹਿਲਾ ਸਾਧੂ : ਜਦੋਂ ਆਏ ਸਾਡੇ ਬਾਬਾ ਬੈਰਾਗੀ ਰੱਬ ਜੀ।
ਦੂਜਾ ਸਾਧੂ : ਉਹਦਾ ਰੋਹਬ ਦੇਖ ਕੇ।
ਪਹਿਲਾ ਸਾਧੂ : ਉਹਦਾ ਗੁੱਸਾ ਦੇਖ ਕੇ।
ਦੂਜਾ ਸਾਧੂ : ਉਹਦਾ ਜੁੱਸਾ ਦੇਖ ਕੇ।
*(ਹੱਸਦੇ ਹੋਏ)* ਢਿੱਲੀ ਹੋ ਜਊ ਦੇਖਿਓ ਤੜਾਗੀ ਸਭ ਦੀ *(ਹੱਸਦੇ ਹਨ)*

*ਹਨੇਰਾ... ਚਾਨਣ...*

ਪਹਿਲਾ ਸਾਧੂ : ਉਇ ਓਧਰ ਤਾਂ ਵੇਖ
ਦੂਜਾ ਸਾਧੂ : ਕੋਈ ਵੱਖਰਾ ਹੈ ਭੇਸ
ਪਹਿਲਾ ਸਾਧੂ : ਲੰਮੇ ਚੋਲੇ ਸਿਰ ਦੁਮਾਲੇ
ਦੂਜਾ ਸਾਧੂ : ਕੋਲ ਕਿਰਪਾਨਾਂ ਭਾਲੇ
ਪਹਿਲਾ ਸਾਧੂ : ਦੇਖੋ ਮੋਢੇ ਤੇ ਕਮਾਨ
ਦੂਜਾ ਸਾਧੂ : ਦੇਖੋ ਭੱਥੇ ਵਿੱਚ ਤੀਰ
ਪਹਿਲਾ ਸਾਧੂ : ਲੱਕ ਲਟਕੇ ਕਿਰਪਾਨ
ਦੂਜਾ ਸਾਧੂ : ਕੋਈ ਯੋਧਾ ਹੈ ਜਾਂ ਪੀਰ?
ਪਹਿਲਾ ਸਾਧੂ : ਜ਼ਾਹਿਰ ਹੈ ਥਕਾਵਟ ਤੇ ਭੁੱਖ
ਦੂਜਾ ਸਾਧੂ : ਜ਼ਾਹਿਰ ਹੈ ਭੋਗਿਆ ਹੈ ਸੁੱਖ
ਪਹਿਲਾ ਸਾਧੂ : ਦਿੱਸੇ ਚਿਹਰਿਆਂ ਤੇ ਨੂਰ
ਦੂਜਾ ਸਾਧੂ : ਦਿੱਸੇ ਹਿੱਕਾਂ ਚ ਗਰੂਰ

(ਵਕਫ਼ਾ) *ਹਨੇਰਾ...ਚਾਨਣ...*

ਪਹਿਲਾ ਸਾਧੂ : ਵੇਖੋ ਹੋ ਕੀ ਰਿਹੈ ਕਾਰਾ *(ਭੱਜਿਆ ਆਉਂਦਾ)*
ਦੂਜਾ ਸਾਧੂ : ਅੱਜ ਪੈ ਗਿਆ ਪੁਆੜਾ *(ਭੱਜਿਆ ਆਉਂਦਾ)*
ਪਹਿਲਾ ਸਾਧੂ : ਦੇਖੋ ਖੇਤਾਂ ਦਾ ਹਾਲ
ਦੂਜਾ ਸਾਧੂ : ਚੁਗੇ ਘੋੜਿਆਂ ਦੀ ਪਾਲ
ਪਹਿਲਾ ਸਾਧੂ : ਜਿਹੜੇ ਲੋਕਾਂ ਸੀ ਚੜਾਏ
ਦੂਜਾ ਸਾਧੂ : ਉਹਨਾਂ ਬੱਕਰੇ ਝਟਕਾਏ
ਪਹਿਲਾ ਸਾਧੂ : ਮਘਾ ਲਏ ਨੇ ਚੁੱਲੇ
ਦੂਜਾ ਸਾਧੂ : ਕੜਾਹੇ ਧਰੇ ਖੁਲੇ ਡੁੱਲੇ
ਪਹਿਲਾ ਸਾਧੂ : ਦੇਸੀ ਘਿਉ ਵਾਲਾ ਤੜਕਾ
ਦੂਜਾ ਸਾਧੂ : ਸੁਣੋ ਖੁਰਪੇ ਦਾ ਖੜਕਾ *(ਸੁਣਦੇ ਹਨ- ਟਿਵਿੰਗ ਟਿਵਿੰਗ)*
ਪਹਿਲਾ ਸਾਧੂ : ਚੜੇ ਅਸਮਾਨੀ ਧੂੰ
ਦੂਜਾ ਸਾਧੂ : ਮੈਨੂੰ ਚੜ੍ਹੇ ਖ਼ੁਸ਼ਬੂ
ਪਹਿਲਾ ਸਾਧੂ : ਮੇਰੀ ਜਾਗ ਪਈ ਹੈ ਭੁੱਖ



ਦੂਜਾ ਸਾਧੂ : ਅੱਜ ਮਿਲੂ ਪਰਸ਼ਾਦ
ਪਹਿਲਾ ਸਾਧੂ : ਚੁੱਪ ਵੈਸ਼ਨੂੰ ਬੰਦਿਆਂ
ਦੂਜਾ ਸਾਧੂ : ਰਿੱਝੇ “ਮਹਾਂ ਪਰਸ਼ਾਦ”

*(ਸਾਰੇ ਢਿੱਡ 'ਤੇ ਹੱਥ ਫੇਰਦੇ ਚੁੱਪ ਹੋ ਜਾਂਦੇ ਹਨ)*

ਪਹਿਲਾ ਸਾਧੂ : ਸਿੱਖ ਬੜੇ ਹੁਸ਼ਿਆਰ
ਦੂਜਾ ਸਾਧੂ : ਕੀਤਾ ਪਲ੍ਹੰਘ ਸੀ ਤਿਆਰ
ਪਹਿਲਾ ਸਾਧੂ : ਬਿਰਾਜੇ ਸ਼ਹਿਨਸ਼ਾਹ ਜੀ
ਦੂਜਾ ਸਾਧੂ : ਕਰਨ ਅਦਬ ਸਤਿਕਾਰ
ਪਹਿਲਾ ਸਾਧੂ : ਨਹੀਂ, ਮੈਂ ਨਹੀਂ ਦੇਖ ਸਕਦਾ
ਦੂਜਾ ਸਾਧੂ : ਮੈਂ ਵੀ ਨਹੀਂ ਦੇਖ ਸਕਦਾ
ਪਹਿਲਾ ਸਾਧੂ : ਹੁਣੇ ਲੁਕੇ ਹੋਏ ਭੂਤ... *(ਸਾਰੇ)* ਹੁਣੇ ਲੁਕੇ ਹੋਏ ਭੂਤ-
ਹੁਣੇ ਲੁਕੇ ਹੋਏ ਭੂਤ
ਦੂਜਾ ਸਾਧੂ : ਪਲੰਘ ਉਲਟਾ ਕੇ *(ਸਾਰੇ ਹੀ ਹੱਸਦੇ ਹੋਏ)* ਕਰਨ ਗੇ ਸੂਤ

*(ਦੂਰੀ 'ਤੇ ਖੜ੍ਹੇ ਦ੍ਰਿਸ਼ ਬਿਆਨ ਕਰ ਰਹੇ ਹਨ ਗੁਰੂ ਜੀ ਪਲੰਘ ਤੇ ਬਿਰਾਜਮਾਨ ਹਨ ਪਰ ਸਟੇਜ 'ਤੇ ਨਹੀਂ ਵਿਖਾਉਣਾ ਜੀ)*

***(ਵਕਫ਼ਾ) ਹਨੇਰਾ...ਚਾਨਣ***

ਪਹਿਲਾ ਸਾਧੂ : ਓ ਬਾਬਿਓ ਆਹ ਕੀ ਹੋਇਆ
ਦੂਜਾ ਸਾਧੂ : ਓ ਬਾਬਿਓ ਕੁੱਝ ਵੀ ਨਹੀਂ ਹੋਇਆ *(ਸਾਰੇ)* ਹਾਂ ਹਾਂ,
ਕੁੱਝ ਵੀ ਨਹੀਂ ਹੋਇਆ
ਪਹਿਲਾ ਸਾਧੂ : ਨਾ ਕੋਈ ਹਿੱਲਜੁਲ ਕੋਈ!!
ਦੂਜਾ ਸਾਧੂ : ਨਾ ਪਲੰਘ ਮੂਧਾ ਹੋਇਆ!!
ਨਾ ਪਲੰਘ ਮੂਧਾ ਹੋਇਆ
ਨਾ ਪਲੰਘ ਮੂਧਾ ਹੋਇਆ

***(ਵਕਫ਼ਾ) ਹਨੇਰਾ...ਚਾਨਣ...***

ਪਹਿਲਾ ਸਾਧੂ : ਔਹ ਚਰਨਾਂ ਚ ਸ਼ਹਿਨਸ਼ਾਹ ਦੇ ਬੈਠਾ ਹੈ ਕੋਈ
ਦੂਜਾ ਸਾਧੂ : ਦੋਨੋਂ ਹੱਥ ਜੋੜੀ ਬੈਠਾ, ਤੇ ਧੌਣ ਝੁੱਕੀ ਹੋਈ
ਪਹਿਲਾ ਸਾਧੂ : ਉਹਦੇ ਨੈਣਾਂ 'ਚ ਨੀਰ ਉਹਦਾ ਉਤਰਿਆ ਚਿਹਰਾ

ਦੂਜਾ ਸਾਧੂ : ਮੰਗੇ ਰਹਿਮਤ ਗੁਰੂ ਦੀ ਕਹੇ ਬੰਦਾ ਮੈਂ ਤੇਰਾ
*(ਸਾਰੇ)* ਬਖ਼ਸ਼ ਲਓ ਪਾਤਸ਼ਾਹ ਜੀ, ਬੰਦਾ ਹਾਂ ਤੇਰਾ
ਬਖਸ਼ ਲਓ ਪਾਤਸ਼ਾਹ ਜੀ, ਬੰਦਾ ਹਾਂ ਤੇਰਾ
ਬਖਸ਼ ਲਓ ਪਾਤਸ਼ਾਹ ਜੀ, ਬੰਦਾ ਹਾਂ ਤੇਰਾ

*ਪਿਛੋਕੜ 'ਚੋਂ ਗੀਤ ਉਭਰਦਾ ਤੇ ਦੋ ਪਾਤਰ ਕਵਿਤਾ ਰੂਪ ਵਿਚ*

ਖੰਡੇ ਬਾਟੇ ਦਾ ਅੰਮ੍ਰਿਤਪਾਨ ਦੇ ਕੇ
ਪੰਜ ਤੀਰ ਤੇ ਨਾਲ ਕਮਾਨ ਦੇ ਕੇ
ਪੰਜ ਸਿੰਘ ਤੇ ਨਾਲ ਕਿਰਪਾਨ ਦੇ ਕੇ
ਇਕ ਨਗਾਰਾ ਤੇ ਨਾਲ ਫ਼ੁਰਮਾਨ ਦੇ ਕੇ
ਬੰਦੇ ਬੈਰਾਗੀ ਤੋਂ ਗੁਰਬਚਨ ਸਿੰਘ ਨਾਮ ਦੇ ਕੇ
ਜਰਨੈਲ ਪਹਿਲਾ, ਖ਼ਾਲਸੇ ਦਾ ਥਾਪ ਦਿੱਤਾ
ਨੰਦੇੜ ਮਹਾਰਾਸ਼ਟਰ ਦੇ ਸਥਾਨ ਉੱਤੇ
ਸਤੰਬਰ 1708 ਈਸਵੀ ਨੂੰ
"ਬੰਦਾ ਸਿੰਘ ਬਹਾਦਰ" ਦਾ ਖਿਤਾਬ ਦਿੱਤਾ
ਅਸ਼ੀਰਵਾਦਾਂ ਦੇ ਨਾਲ ਇਉਂ ਭਰ ਝੋਲੀ
ਸਬਕ ਦੋਸ਼ੀਆਂ ਤਾਂਈ ਸਿਖਾਉਣ ਖ਼ਾਤਿਰ
ਕੰਮਜ਼ੋਰਾਂ ਨੀਵਿਆਂ ਨੂੰ ਉਚਿਅਉਣ ਖ਼ਾਤਿਰ
ਸਤਿਗੁਰ ਗੋਬਿੰਦ ਸਿੰਘ ਜੀ ਮਹਾਰਾਜ ਨੇ
ਬੰਦਾ ਸਿੰਘ ਬਹਾਦਰ ਨੂੰ ਭੇਜ ਪੰਜਾਬ ਦਿੱਤਾ

**ਫੇਡ-ਆਊਟ**



## ਝਾਕੀ ਨੰਬਰ ਸੱਤ

**(1708 ਤੋਂ 1709)**

*ਬੰਦੇ ਦਾ ਪੰਜਾਬ ਵੱਲ ਆਉਣਾ*
*ਸੂਫ਼ੀ ਦੀ ਕੁਟੀਆ, ਦੂਲਾ ਆਉਂਦਾ ਹੈ:*

ਸਾਂਈਂ : ਓ ਆ ਬਈ ਦੂਲਿਆ, ਬੈਠ ਤੇ ਸੁਣਾ ਨਵਾਬ ਵਜ਼ੀਰ ਖਾਨ ਦੇ ਦਰਬਾਰ ਦੀ ਗੱਲ

ਦੂਲਾ : ਦਰਬਾਰ ਦੀ ਕੀ ਗੱਲ ਸੁਣਾਂਵਾ ਸਾਂਈਂ ਉਥੇ ਤਾਂ ਦੁਨੀਆਂ ਹੀ ਵੱਖਰੀ ਹੈ... ਇਹ ਖ਼ਾਨ ਬਹਾਦਰ ਤੇ ਬਹਿਸ਼ਤ ਭੁੱਗਤਣ ਡਹੇ ਨੇ ਇਥੇ, ਸਾਨੂੰ ਪਤਾ ਨ੍ਹੀ ਅੱਗੇ ਜਾ ਕੇ ਵੀ ਜ਼ੰਨਤ ਨਸੀਬ ਹੋਣੀ ਆਂ ਕਿ ਨਹੀਂ... ਅੱਲ੍ਹਾ ਜਾਣੇ... ਸਾਂਈਂ ਇਹ ਬਹਿਸ਼ਤ ਵਰਗੇ ਸੁੱਖ ਦੇਰ ਤੱਕ ਨਹੀਂ ਰਹਿੰਦੇ, ਲੋੜ ਤੋਂ ਵੱਧ ਗੁੜ ਖਾਉਗੇ ਤਾਂ ਫੋੜੇ ਫਿਨਸੀਆਂ ਬਣ ਬਣ ਨਿਕਲੂ– *(ਵਿਅੰਗ ਨਾਲ)*... ਅੱਗੇ ਤੂੰ ਸਿਆਣਾ ਦੂਲਿਆ ਸਰਕਾਰੀ ਤਲਬ ਜਿਉਂ ਲੈਂਨੈ

ਦੂਲਾ : ਮੈਨੂੰ ਤਾ ਲਗਦੈ ਜਿਹੜੇ ਇਥੇ ਬੁੱਲ੍ਹੇ ਲੁੱਟਦੇ ਆ...ਉਹਨਾਂ ਅੱਗੇ ਜਾ ਕੇ ਵੀ ਮੌਜਾਂ ਹੀ ਕਰਨੀਆਂ... ਕਾਜ਼ੀ ਨੂੰ ਵੱਢੀ ਦੇ ਕੇ... ਇਹ ਨਵਾਬ ਪਹਿਲਾਂ ਹੀ ਜ਼ੰਨਤ ਮੱਲੀ ਬੈਠੇ ਹੋਣੇ ਨੇ... ਤਦੇ ਤਾਂ ਕਾਜੀ ਸਾਨੂੰ ਦੋਜ਼ਖ ਦੀ ਅੱਗ ਵਿਚ ਸੜੋਗੇ ...ਦੋਜ਼ਖ ਦੀ ਅੱਗ ਵਿਚ ਸੜੋਗੇ ਦੇ ਡਰਾਵੇ ਦਿੰਦੈ, ਤੇ ਖ਼ਾਨਾਂ ਨੂੰ, ਮਹੱਲਾਂ ਵਿਚ ਰਹਿਣ ਦਾ ਵਰਦਾਨ ਦਿੰਦਾ

ਸਾਂਈਂ : ਉਇ ਦੂਲਿਆ, ਜਿਹਨਾਂ ਖਾਧੀਆਂ ਚੋਪੜੀਆਂ ਘਣੇ ਸਹਿਣਗੇ ਦੁੱਖ ਸਾਡੇ ਪੀਰ ਬਾਬਾ ਫਰੀਦ ਜੀ ਕਹਿ ਗਏ ਨੇ ਤੁਸੀਂ ਐਵੇਂ ਕਾਜ਼ੀਆਂ ਪੰਡਤਾਂ ਦੀਆਂ ਗੱਲਾਂ

ਵਿੱਚ ਆ ਕੇ ਕਰਮ ਕਰਨ ਤੋਂ ਨਾ ਭੱਜੋ ਲੋਕੋ ਅਸਾਂ
ਤਾਂ ਰੱਬ ਦੀ ਰਜ਼ਾ ਵਿਚ ਰਹਿੰਦੇ ਹਾਂ...

ਦੂਲਾ : ਤੁਸੀਂ ਦਰੁਸਤ ਫੁਰਮਾਇਆ ਸਾਂਈਂ ਜੀ... ਪਰ...

ਸਾਂਈਂ : ਪਰ ਪੁਰ ਨੂੰ ਛੱਡ ਦੂਲਿਆ ਤੂੰ ਦਰਬਾਰ ਦੀ ਗੱਲ ਸੁਣਾਂ...

ਦੂਲਾ : ਦਰਬਾਰ ਵਿਚ ਕਿਸੇ ਬੰਦਾ ਬਹਾਦਰ ਬਾਰੇ ਗੁਫ਼ਤਗੂ ਹੋ ਰਹੀ ਐ ਅੱਜ ਕੱਲ ਸਭ ਦਰਬਾਰੀ ਗੰਭੀਰ ਬੈਠੇ ਹੁੰਦੇ ਆ ਤੇ ਹੁਣ ਠਹਾਕੇ ਨਹੀਂ ਵਜਦੇ...

ਸਾਂਈ : ਬੰਦਾ ਬਹਾਦਰ... *(ਸਮਾਧੀ ਲੀਨ ਹੁੰਦਾ)* ਵਕਫ਼ੇ ਤੋਂ ਬਾਅਦ... ਨਾਂ ਸੁਣਿਆ ਲਗਦੈ, ਦਿੱਲੀ ਵਲੋਂ, ਇਕ ਸੇਵਕ ਆਇਆ ਸੀ ਪਿਛੇ ਜਿਹੇ, ਦੱਸਦਾ ਸੀ ਕੋਈ ਮਾਧੋ ਦਾਸ ਨਾਂ ਦਾ ਬੈਰਾਗੀ ਆ...

ਦੂਲਾ : ਹਾਂ ਹਾਂ ਉਹੀ ਬੈਰਾਗੀ ਸਾਂਈਂ

ਸਾਂਈਂ : ਸੁਣਿਆਂ ਬੜਾ ਕਰਾਮਾਤੀ ਹੈ, ਸ਼ਕਤੀਆਂ ਦਾ ਮਾਲਕ, ਡਰਦੇ ਨੇ ਲੋਕ ਓਹਦੇ ਤੋਂ।

ਦੂਲਾ : ਜੀ ਸਾਂਈਂ ਜੀ, ਮਾਧੋਦਾਸ ਬੈਰਾਗੀ ਨੂੰ ਹੀ, ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੇ ਬੰਦਾ ਸਿੰਘ ਬਹਾਦਰ ਦਾ ਨਾਂ ਦੇ ਦਿੱਤਾ...

ਸਾਂਈਂ : ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੇ... ਸਿੰਘ ਸਜਾ ਕੇ "ਬੰਦਾ ਸਿੰਘ ਬਹਾਦਰ" ਦਾ ਨਾਂ ਦੇ ਦਿੱਤਾ,
ਫਿਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਗਈ। ਗੁਰੂ ਦੇ ਅੰਮ੍ਰਿਤ ਵਿੱਚ ਤਾਂ ਸੁਣਿਐਂ ਅਦੁੱਤੀ ਸ਼ਕਤੀ ਹੈ, ਚਿੜੀਆਂ ਤੋਂ ਬਾਜ਼ ਤੁੜਾਉਣ ਦੀ, ਗਿੱਦੜਾਂ ਤੋ ਸ਼ੇਰ ਬਣਾਉਣ ਦੀ, ਰੰਕ ਤੋਂ ਰਾਜਾ ਬਣਾਉਣ ਦੀ.

ਦੂਲਾ : ਹਾਂ ਸਾਂਈਂ ਉਹੀ ਬੰਦਾ ਪੰਜਾਬ ਵੱਲ ਬੜ੍ਹਕਾਂ ਮਾਰਦਾ ਆ ਰਿਹੈ ਵਜ਼ੀਰ ਖ਼ਾਨ ਨੂੰ ਸੂਲ ਵਾਂਗ ਚੁੱਭਦਾ।

ਸਾਂਈਂ : *(ਹੱਸਦਾ ਹੈ)*... ਹਾ ਹਾ ਹਾ ਹਾ... ਬਈ ਵਾਹ

ਦੂਲਾ : ਸੁਣਿਆਂ ਗੁਰੂ ਨੇ ਉਸਨੂੰ ਆਪਣੇ ਪੰਜ ਤੀਰ, ਪੰਜ ਸਿੰਘ ਯੋਧੇ ਵੀਰ, ਨਗਾਰਾ, ਨਿਸ਼ਾਨ, ਝੰਡਾ, ਇਥੇ



ਵੱਸਦੇ ਸਿੱਖਾਂ ਦੇ ਹਮੈਤੀਆਂ ਦੇ ਨਾਂ,
ਹੁਕਮਨਾਮੇ ਦੇ ਕੇ ਤੋਰਿਆ ਨੰਦੇੜ ਤੋਂ

ਸਾਂਈਂ : ਅੱਲਾਹ...ਅੱਲਾਹ...*(ਜੋਸ਼ ਨਾਲ)*
ਰੰਗ ਬਦਲੇਗਾ, ਪੰਜਾਬ ਦਾ ਰੰਗ ਬਦਲੇਗਾ...

ਦੂਲਾ : ਸਾਂਈ ਕੀ ਬੋਲੀ ਜਾਨੈ, ਲਗਦੈ ਭੰਗ ਦਾ ਅਸਰ ਸ਼ੁਰੂ ਹੋ ਗਿਐ

ਸਾਂਈਂ : ਭੰਗ ਦਾ ਨਹੀਂ, ਇਕ ਨਵੇਂ ਚੜ੍ਹ ਰਹੇ ਸੂਰਜ ਦੇ ਰੰਗ ਦਾ ਅਸਰ ਹੋ ਰਿਹੈ

ਦੂਲਾ : ਨਵਾ ਰੰਗ, ਨਵਾਂ ਸੂਰਜ, ਇਹ ਕੀ ਭਕਾਈ ਮਾਰੀ ਜਾਨੈ ਸਾਂਈਂ

*(ਦੂਲਾ ਆਪਣਾ ਸਰਕਾਰੀ ਰੰਗ ਦਿਖਾਉਣ ਲਗਾ)*

ਸਾਂਈਂ : ਹੋਵੇਗਾ ਤਮਾਸ਼ਾ, ਹੋਵੇਗਾ ਤਮਾਸ਼ਾ, ਮਹੱਲਾਂ ਦੇ ਢਹਿਣ ਦਾ... ਹੱਕ...
ਬੇਗ਼ਮਾਂ ਦੇ ਵੈਣ ਪਾਉਣ ਦਾ ਵਕਤ ਆ ਗਿਆ... ਹੱਕ...

ਦੂਲਾ : ਕੀ ਬੋਲੀ ਜਾਨੈਂ ਸਾਂਈ, ਕਾਬੂ ਰੱਖ, ਮੈਂ ਤੇਰਾ ਅੰਦਰ-ਖਾਤੇ ਮੁਰੀਦ ਹਾਂ... ਲਿਹਾਜ਼ ਕਰਾਂਗਾ... ਕਿਸੇ ਹੋਰ ਨੇ ਸੁਣ ਲਿਆ ਤੈਨੂੰ ਜ਼ਿੰਦਾ ਜ਼ਮੀਨ ਵਿੱਚ ਗੱਢ ਦੱਣਗੇ, ਸੂਫ਼ੀਆਂ ਦਾ ਕਿਥੇ ਲਿਹਾਜ਼ ਕਰਦੇ ਨੇ ਮੁਗ਼ਲ ਹਾਕਮ...

*(ਪਿਛੋਕੜ ਤੋਂ ਰਾਸ਼ਿਦ ਨਦੀਮ ਦਾ ਸ਼ਿਅਰ)*

ਹਰ ਪਾਸੇ ਈਮਾਨ ਦੀ ਦੌਲਤ ਵੰਡੀ ਏ,
ਆਪਣੇ ਆਪ ਤੋਂ ਵੀ ਇਨਕਾਰੀ ਲੋਕਾਂ ਨੇ
ਹਰ ਮਨਸੂਰ ਨੂੰ ਸੂਲੀ ਚਾੜ੍ਹ ਕੇ ਛੱਡਿਆ ਏ,
ਮੌਲਵੀਆਂ ਤੇ ਕੁੱਝ ਦਰਬਾਰੀ ਲੋਕਾਂ ਨੇ

ਸਾਂਈਂ : ਸੱਚ ਕਦੇ ਨੀਹਾਂ ਵਿੱਚ ਨਹੀਂ ਦੱਬਦਾ... ਬਾਹਰ ਆ ਜਾਂਦੇ- ਹੋਰ ਵੱਡਾ ਹੋਰ ਤਕੜਾ ਹੋ ਕੇ

ਦੂਲਾ : ਉਹ ਕਿਵੇਂ ਸਾਈਂ... ਜ਼ਰਾ ਰੌਸ਼ਨੀ ਤਾਂ ਪਾਈਂ

ਸਾਂਈਂ : ਸੱਚ ਮਰ ਕੇ ਵੀ ਜੀਓਂਦਾ ਰਹਿੰਦਾ ਸੁਣਿਆਂ... ਹੋਰ

ਸੁਣ-ਧਿਆਨ ਨਾਲ ਸੁਣ...

*(ਪਿਛੋਕੜ ਤੋਂ ਗੀਤ)*

ਵੱਡੇ ਵੀਰ ਪਿਆਰਿਆ ਤੂੰ ਅੱਖੀਆਂ 'ਚੋਂ ਹੰਝੂ ਡੋਲ ਕੇ
ਕਿਉਂ ਸਿਦਕ ਤੋਂ ਹਾਰਿਆ ਤੂੰ
ਮੇਰੀ ਅੱਖੀਆਂ 'ਚ ਤਾਂ ਪਾਣੀ ਮੇਰੇ ਨਾਲੋਂ ਪਹਿਲਾਂ
ਵੀਰਨਾ ਤੇਰੀ ਸੂਰਤ ਛੁੱਪ ਜਾਣੀ -*(ਹਸਨਪੁਰੀ)*

ਦੂਲਾ : ਮੈਨੂੰ ਨਹੀਂ ਸੁਣਦਾ ਸਾਂਈ *(ਡਰਦਾ ਹੋਇਆ ਇਧਰ ਓਧਰ ਦੇਖਦਾ)*

ਸਾਂਈਂ : ਹਾਕਮਾਂ ਦਾ ਕੰਮ ਕਰਦਾਂ ਤੈਨੂੰ ਕਿਥੇ ਸੁਣਨਾ- *(ਰੋਹ ਵਿੱਚ)*
ਸੁਣ- ਓਹਨਾਂ ਦੀਵਾਰਾਂ ਵਲੋਂ ਆ ਰਹੀ ਆਵਾਜ਼- ਜਿਥੇ ਗੁਰੂ ਦੇ ਨਿੱਕੇ ਨਿੱਕੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਕੰਧਾਂ ਵਿਚ ਚਿਣਵਾ ਦਿੱਤਾ ਸੀ, ਤੇਰੇ ਜ਼ਾਲਮ ਸੂਬੇ ਨੇ *(ਰੋਂਦਾ ਹੋਇਆ)* ਅੱਲਾਹ ਦੀ ਮਾਰ ਪੈਸੀ- ਉਸ ਖਲਕਤ ਨੂੰ ਵੀ- ਜਿਸਨੇ ਤਮਾਸ਼ਾ ਸਮਝ ਕੇ... ਕਿਲਕਾਰੀਆਂ ਮਾਰੀਆਂ ਸਨ- ਹੁਣ ਚੀਖਾਂ ਮਾਰੇਗੀ... ਪੁਕਾਰਾਂ ਕਰੇਗੀ... ਪਰ ਕੋਈ ਵੀ ਸੁਣਨ ਵਾਲਾ ਨਹੀਂ ਹੋਵੇਗਾ...

*ਪਿਛੋਕੜ ਤੋਂ ਗੀਤ :*

ਰੋਜ਼ ਮਰਦਾ ਰੋਜ ਸੜਦਾ ਤੇਰੇ ਸ਼ਹਿਰ ਅੰਦਰ
ਫ਼ਿਰ ਰਾਖ਼ ਚੋਂ ਉੱਠ ਖੜਦਾਂ ਤੇਰੇ ਸ਼ਹਿਰ ਅੰਦਰ
ਬੇਸ਼ਕ ਨੀਹਾਂ ਚ ਚਿਣੇ, ਮੁੱਲ ਸਿਰਾਂ ਦੇ ਗਿਣੇ
ਮੈਂ ਅੱਜ ਵੀ ਹਾਂ ਜ਼ਿੰਦਾ ਤੇਰੇ ਸ਼ਹਿਰ ਅੰਦਰ

ਦੂਲਾ : ਮੈਨੂੰ ਡਰ ਲਗਦੈ ਸਾਂਈਂ... ਬੜਾ ਜ਼ੋਰ ਲਾਇਆ ਸੀ ਸੂਬੇ ਨੇ...ਗੁਰੂ ਨੂੰ ਜਿੰਦਾ ਫੜਨ ਲਈ

ਸਾਂਈ : ਸੂਬੇ ਕੋਲੋਂ ਕਿਥੇ ਫੜ੍ਹ ਹੋਣਾ ਸੀ ਗੁਰੂ ਨੇ? ਉਸ ਤੋਂ ਤਾਂ ਸ਼ਹਿਨਸ਼ਾਹ ਔਰੰਗਜ਼ੇਬ ਵੀ ਡਰਦਾ ਸੀ, ਸ਼ਾਇਦ ਇਸੇ ਲਈ ਗੁਰੂ ਨੂੰ ਮਿਲਣ ਤੋਂ ਪਹਿਲਾਂ ਹੀ ਫੌਤ ਹੋ ਗਿਆ ਤੇ ਬਹਾਦਰ ਸ਼ਾਹ, ਉਸੇ ਗੁਰੂ ਦੀ ਮਦਦ



ਨਾਲ, ਗੱਦੀ ਨਸ਼ੀਨ ਹੋਇਆ- ਦੇਖ ਲੈ ਦੁਲਿਆ, ਉਸ ਗੁਰੂ ਦੇ ਖੇਡ ਵੀ ਨਿਆਰੇ ਨੇ...

ਦੂਲਾ : ਫਿਰ ਬਾਦਸ਼ਾਹ ਸਲਾਮਤ ਨੇ ਵਜ਼ੀਰ ਖ਼ਾਨ ਤੋਂ ਕੋਈ ਪੁੱਛ ਗਿੱਛ ਕਿਉਂ ਨਾ ਕੀਤੀ?

ਸਾਂਈ : ਇਹ ਰਾਜੇ ਮਹਾਰਾਜੇ...ਇਹ ਖ਼ਾਨ ਵਜ਼ੀਰ ਇਹਨਾਂ ਨੂੰ ਰਿਆਇਆ ਨਾਲ ਨਹੀਂ ਮਾਇਆ ਨਾਲ ਵਾਸਤਾ ਹੁੰਦੈ... ਆਪਣੀਆਂ ਗੱਦੀਆਂ ਨਾਲ ਮੋਹ ਹੁੰਦੈ ਦੂਲਿਆ...

***ਵਕਫਾ...***
*ਦੂਲੇ ਦੀ ਪਤਨੀ ਦੁੱਧ ਲੈ ਕੇ ਆਉਂਦੀ ਹੈ...*

ਪਤਨੀ : ਸਾਂਈ ਜੀ ਸਲਾਮ

ਸਾਂਈ : ਜੀਉਂਦੀ ਰਹਿ, ਤੇਰਾ ਪਰਿਵਾਰ ਬਚਿਆ ਰਹੇਗਾ

ਪਤਨੀ : ਸਾਂਈ ਅੱਜ ਇਹ ਵੱਖਰੀ ਬਖਸ਼ੀਸ

ਦੂਲਾ : ਬਾਬਿਆਂ ਨੂੰ ਬਹੁਤੇ ਸਵਾਲ ਨਹੀ ਕਰੀ ਦੇ, ਚੁੱਪ ਕਰ, ਬੋਲੀ ਜਾਂਦੀ ਆ...ਚਪੜ ਚਪੜ...

ਸਾਂਈ : ਫਿਰ ਤਾਂ ਦਰਬਾਰ ਵਿਚ ਫਿਕਰ ਲਗਾ ਹਊ

ਦੂਲਾ : ਬੜ੍ਹਕਾਂ ਤੇ ਬੜੀਆਂ ਮਾਰਦੇ ਨੇ ਖਾਨ ਤੇ ਵਜ਼ੀਰ, ਪਰ ਮੂੰਹਾਂ ਤੇ ਫਿਕਰ ਵੀ ਸਾਫ਼ ਦਿਖਾਈ ਦਿੰਦਾ

ਸਾਂਈ : ਬੜ੍ਹਕਾਂ ਮਾਰਨ ਦਾ ਪਤਾ ਮੈਦਾਨੇ ਜੰਗ ਵਿਚ ਲੱਗੂ ਕਿਹੜਾ ਟਿੱਕੂ ਤੇ ਕਿਹੜਾ ਭੱਜੂ

ਪਤਨੀ : ਹਾਂ ਸਾਂਈ, ਨਵਾਬ ਸਾਹਿਬ ਦੀ ਬੇਗਮ ਤਾਂ ਗੁਰੂ ਦਾ ਨਾਂ ਲੈ ਕੇ ਬਖ਼ਸ਼ ਲੈ ਬਖ਼ਸ਼ ਲੈ ਕਰਦੀ ਰਹਿੰਦੀ ਏ ਉਹਨੂੰ ਤਾਂ ਗੁਰੂ ਦੇ ਬੱਚਿਆਂ ਦੀ ਮੌਤ ਦਾ ਗ਼ਮ ਮਾਰ ਰਿਹੈ,

ਸਾਂਈ : ਗੁਰੂ ਦੇ ਬੱਚਿਆਂ ਦੀ ਮੌਤ ਦਾ ਗ਼ਮ ਨਹੀਂ ਭੋਲੀਏ ਆਪਣੇ ਖ਼ਾਵੰਦ ਦੀ ਮੌਤ ਦਾ, ਆ ਰਿਹਾ ਅਜ਼ਰਾਈਲ ਮੌਤ ਦਾ ਫਰਿਸ਼ਤਾ ਬੰਦਾ ਬਹਾਦਰ ਦੇ ਰੂਪ ਵਿੱਚ

ਪਤਨੀ : ਚੰਗੇ ਸੁਖਨ ਕਰੋ ਸਾਂਈ, ਤੁਸਾਂ ਤਾਂ ਮੇਰਾ ਤਰਾਹ ਈ

ਕੱਢ ਛਡਿਆ ਈ

ਸਾਂਈ : ਕੀ ਕਰਾਂ, ਵਿਧੀ ਦਾ ਵਿਧਾਨ ਹੈ: ਪਹਿਲਾਂ ਗੁਰੂ ਦਾ ਪਰਿਵਾਰ ਖੇਰੂੰ ਖੇਰੂੰ ਹੋਇਆ ਇਹਨਾਂ ਖਾਨਾਂ ਕਰਕੇ, ਹੁਣ ਇਹਨਾਂ ਦਾ ਹੋਣਾ, ਬੰਦਾ ਬਹਾਦਰ ਕਰਕੇ। ਪਾਪ ਦੀ ਖੇਤੀ ਵੱਢਣ ਦਾ ਵਕਤ ਆ ਗਿਐ, ਦੂਲਿਆ...

ਪਤਨੀ : ਬੇਗਮ ਸਹਿਬਾ ਤਾਂ ਸੁਣਿਐਂ ਟੋਡਰ ਮਲ ਜੀ ਦੇ ਪਰਿਵਾਰ ਕੋਲੋਂ ਮੁਆਫ਼ੀ ਮੰਗਦੀ ਫਿਰਦੀ ਹੈ, ਕਹਿੰਦੀ ਐ, ਹੋਈਆਂ ਭੁੱਲਾਂ ਬਖਸ਼ਵਾ ਦਿਉ...

ਸਾਂਈ : ਹੁਣ ਭੁੱਲਾਂ ਬਖਸ਼ਾਉਣ ਦਾ ਸਮਾਂ ਗਿਐ, ਸਜ਼ਾ ਪਾਉਣ ਦਾ ਵੇਲਾ ਆਇਐ...

ਖਾਨ ਵਜ਼ੀਰੇ ਨਾਲ ਜ਼ੋਰ ਦੇ ਆਪਣਾ ਹੁਕਮ ਵਜਾਇਆ

ਠੰਢੇ ਬੁਰਜ ਚ ਕੈਦ ਸੀ ਕੀਤਾ, ਹੇਠਾਂ ਸਖਤ ਪਹਿਰਾ ਲਾਇਆ

ਕੰਧਾਂ ਦੇ ਵਿੱਚ ਜ਼ਿੰਦਾ ਚਿਣ ਕੇ, ਮਾਸੂਮਾਂ ਨੂੰ ਕਤਲ ਕਰਾਇਆ

ਜਗਤ ਮਾਤਾ ਮਾਂ ਗੁਜਰੀ ਤਾਂਈ ਮੌਤ ਦੀ ਗੋਦੀ ਵਿਚ ਸੁਲਾਇਆ

ਹੁਣ ਨਾ ਮੁਆਫ਼ੀ, ਹੁਣ ਸਜ਼ਾ ਦਾ ਵੇਲਾ ਆਇਆ

ਹੁਣ ਨਾ ਮੁਆਫ਼ੀ, ਹੁਣ ਸਜ਼ਾ ਦਾ ਵੇਲਾ ਆਇਆ

**ਫੇਡ-ਆਊਟ**



## ਝਾਕੀ ਨੰਬਰ ਅੱਠ

*ਢੰਢੋਰਾ ਵਜੀਰ ਖ਼ਾਨ ਵਲੋਂ*

ਢੋਲ ਦੀ ਆਵਾਜ਼ :

ਸੁਣੋ ਸੁਣੋ... ਸਭ ਆਮੋ ਖਾਸ ਸੁਣੋ
ਪੈਸਾ ਬਣਾਉਣ ਦਾ ਰਾਜ਼ ਸੁਣੋ
ਹੋ ਰਿਹੈ ਜਹਾਦ ਸੁਣੋ
ਸਿੱਖਾਂ ਦੇ ਸਿਰ ਵੱਡ ਲਿਆਵੋ
ਉਠੋ ਮੁਗਲੋ ਟਕੂਏ ਚੁੱਕੋ
ਇਕ ਰੁਪਈਆ ਇਕ ਸਿਰ ਚੁੱਕੋ
ਕੋਈ ਵੀ ਕਾਫਰ ਰਹਿਣ ਨਹੀਂ ਦੇਣਾ
ਮੁਗਲ ਰਾਜ ਨੂੰ ਢਹਿਣ ਨਹੀਂ ਦੇਣਾ
ਇਨਾਮ ਜਗੀਰਾਂ ਇਥੇ ਪਾਉ
ਧਰਮ ਦੇ ਨਾਂ 'ਤੇ ਜੇ ਮਰ ਜਾਓ
ਜੰਨਤ ਦੇ ਵਿੱਚ ਹੂਰਾਂ ਹੰਢਾਓ

ਸਾਂਈ : ਕਿਉ ਅੱਲਾਹ ਦੇ ਨਾਂ ਦਾ ਮਜ਼ਾਕ ਬਣਾ ਰਹੇ ਹੋ...
*(ਚੀਖ ਕੇ)*
ਮਾਸੂਮਾਂ ਨੂੰ ਮਾਰ ਕੇ ਸਵਾਬ ਨਹੀਂ ਮਿਲਣੇ,
ਦੋਜ਼ਖ ਮਿਲਣੀ ਏ... ਦੋਜ਼ਖ... !!!

ਸਿਪਾਹ ਸਲਾਰ : *(ਤਲਵਾਰ ਕੱਢਕੇ)* ਓ ਪਾਸੇ ਹੋ ਜਾ ਸਾਂਈਂ...
ਐਂਵੇਂ ਮਾਰਿਆ ਨਾ ਜਾਈਂ

ਸਾਂਈਂ : ਜਦ ਫਕੀਰਾਂ ਦੀ ਮਾਰ ਪਈ... ਫਿਰ ਹੋਵੇਗੀ–
ਤਾ ਥਾ ਥਈ –ਤਾ ਥਾ ਥਈ–

*ਸਿਪਾਹ ਸਲਾਰ ਗੁੱਸੇ ਵਿੱਚ ਸਾਂਈ ਨੂੰ ਮਾਰਨ ਲਈ ਵਧਦਾ... ਸਾਂਈ ਵੀ ਜੋਸ਼ ਨਾਲ ਸਿਪਾਹ ਸਲਾਰ ਦੀਆਂ ਅੱਖਾਂ ਵਿੱਚ ਦੇਖਦਾ... ਨਿਰਭੈ ਹੋ*

*ਕੇ- ਸਿਪਾਹ ਸਲਾਰ ਕੁੱਝ ਸੋਚ ਕੇ ਰੁਕ ਜਾਂਦਾ...*

ਲੋਕਾਂ ’ਚੋਂ ਇਕ ਆਵਾਜ਼ : ਉਇ ਕੰਮਜ਼ੋਰਾਂ ਤੇ ਫ਼ਕੀਰਾਂ ਉਤੇ ਹੱਥ ਚੁੱਕਣ ਵਾਲਿਆ...

ਲੋਕਾਂ ’ਚੋਂ ਦੂਜੀ ਆਵਾਜ਼ : ਜਾ ਕੇ ਕਹਿ ਦੇ ਖਾਨੂੰ ਨੂੰ ਹੁਣ ਹੁਸ਼ਿਆਰ ਹੋ ਜਾਏ...

ਲੋਕਾਂ ’ਚੋਂ ਪਹਿਲੀ ਆਵਾਜ਼ : ਆ ਰਿਹੈ ਹੈ ਬੰਦਾ ਸਿੰਘ ਬਹਾਦਰ ਬਣਕੇ ਮੌਤ ਉਹਦੀ...

ਲੋਕਾਂ ’ਚੋਂ ਦੂਜੀ ਆਵਾਜ਼ : ਤੇਰਾ ਖਾਨੂੰ ਹੁਣ ਮਰਨ ਲਈ ਤਿਆਰ ਹੋ ਜਾਏ...

ਸਿਪਾਹ ਸਲਾਰ : *(ਲੋਕਾਂ ਵਲ ਤਲਵਾਰ ਕਰਕੇ)* ਕਿਹੜਾ ਹੈ ਓਧਰ... ਸਾਹਮਣੇ ਆਵੇ... *(ਸਿਪਾਹੀਓ ਬੰਦੀ ਬਣਾਉ)*... ਇਸ ਆਵਾਜ਼ ਨੂੰ...

ਸਾਂਈਂ : ਭੋਲਿਆ ਕਦੇ ਆਵਾਜ਼ ਵੀ ਕੈਦ ਹੋਈ ਏ- ਓ ਵੀ ਸੱਚ ਦੀ ਆਵਾਜ਼- ਸੋਚ ਆਜ਼ਾਦ ਹੋ ਰਹੀ ਏ... ਅਜ਼ਾਦ ਸੋਚਾਂ ਲਈ ਕਿਹੜੀ ਕੈਦ ਹੈ ਤੇਰੇ ਕੋਲ ਸਿਪਾਹ-ਸਲਾਰਾ?

ਸਿਪਾਹ ਸਲਾਰ : *(ਸਾਂਈਂ ਵੱਲ ਗੁੱਸੇ ਨਾਲ ਦੇਖਦਾ ਪਰ ਪਰਤ ਕੇ)* ਕੌਣ ਹੈ ਓਧਰ- ਜਾਉ-ਦੇਖੋ

ਦੂਜਾ : ਕੋਈ ਵੀ ਤਾਂ ਨਹੀਂ ਹੈ... ਜਨਾਬ ਏਧਰ!!

ਸਿਪਾਹੀ : ਮੈਨੂੰ ਤਾਂ ਕਿੰਨੇ ਸਿਰ ਵਿਖਾਈ ਦੇ ਰਹੇ ਨੇ...??

ਦੂਜਾ : ਇਹ ਤਾਂ... ਬਸ ਸਿਰ ਹੀ ਹਨ... ਜਨਾਬ, ਬੰਦਿਆਂ ਦੇ ਧੜਾਂ ’ਤੇ...ਉੱਗੇ ਹੋਏ ਸਿਰ... ਤੇ... ਇਨ੍ਹਾਂ ਦੇ ਸਿਰਾਂ ’ਚ ਲੱਗੇ ਹੋਏ ਮੂੰਹਾਂ ਵਿੱਚ ਜ਼ਬਾਨ ਨਹੀਂ ਹੈ... ਆਵਾਜ਼ ਨਹੀਂ ਹੈ...!!! ਇਹ ਤਾਂ ਸਾਹ ਵੀ ਡਰਦੇ ਡਰਦੇ ਭਰਦੇ ਨੇ...!!!

ਸਿਪਾਹ ਸਲਾਰ : ਫਿਰ ਉਹ ਆਵਾਜ਼ ਕਿਥੋਂ ਆਈ?
ਜੋ ਅਜੇ ਵੀ ਦਏ ਸੁਣਾਈ?



ਸਾਂਈਂ : ਇਹ ਆਵਾਜ਼ ਤੁਹਾਡੇ ਵਰਗੇ ਕਾਤਲਾਂ ਦੇ ਡਰ ਚੋਂ ਨਿਕਲਦੀ ਐ... ਇਹੀ ਆਵਾਜ਼ ਤੁਹਾਡੇ ਵਰਗੇ ਕਾਤਲਾਂ ਲਈ ਮੌਤ ਦਾ ਸਬੱਬ ਬਣੇਗੀ।

ਸਿਪਾਹ ਸਲਾਰ : ਬੰਦੀ ਬਣਾਉ ਸਾਂਈਂ ਨੂੰ... ਇਹ ਕਾਫ਼ਰਾਂ ਦਾ ਪੱਖ ਪੂਰਦਾ...
ਸਬਕ ਸਿਖਾਓ ਹਰ ਉਸ ਬੰਦੇ ਨੂੰ... ਜੋ ਮੁਗਲਾਂ ਨੂੰ ਘੂਰਦਾ...

ਸਾਂਈਂ : ਇਹ ਸੱਚ ਦੀ ਆਵਾਜ਼ ਹੈ ਸਿਪਾਹ ਸਲਾਰਾ- ਇਹ ਆਵਾਜ਼ ਬੰਦ ਨਹੀਂ ਹੋਣੀ... ਇਹ ਲੋਕ ਮਨਾਂ ਚੋਂ ਨਿਕਲ ਕੇ--ਫਿਜ਼ਾ ਵਿੱਚ ਗੂੰਜ ਉੱਠਦੀ ਹੈ... ਤੇ- ਜਾਗਦੇ ਰਹੋ... ਜਾਗਦੇ ਰਹੋ... ਪੁਕਾਰਦੀ ਰਹਿੰਦੀ ਹੈ...!!

*(ਸਿਪਾਹੀ ਸਾਂਈਂ ਨੂੰ ਧੱਫੇ ਤੇ ਧੱਕੇ ਮਾਰਦੇ ਹਨ ਤੇ ਸਾਂਈਂ ਜਾਗਦੇ ਰਹੋ... ਜਾਗਦੇ ਰਹੋ... ਪੁਕਾਰਦਾ ਜਾ ਰਿਹਾ...*

ਸਿਪਾਹ ਸਲਾਰ : *(ਪੂਰੇ ਗੁੱਸੇ ਨਾਲ)* ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ *(ਸਾਂਈ ਵੱਲ ਵੇਖ ਕੇ)* ਤੇ ਕਾਫ਼ਰਾਂ ਦੇ ਹਮੈਤੀਆਂ ਨੂੰ ਵੀ “ਚੰਗੀ ਤਰ੍ਹਾਂ ਪੜ੍ਹਨੇ ਪਾਉਣਾ”

ਸਾਂਈਂ : ਓ ਕਮਲਿਆ ਸਿੱਖਾਂ ਨੂੰ ਮਾਰਨਾ ਸੌਖਾ ਨਹੀਂ...
ਓ ਤਾਂ ਹਵਾ ’ਚੋਂ ਸ਼ੂਕਦੇ ਆਉਂਦੇ ਨੇ ਤੀਰਾਂ ਵਾਂਗ...
ਨਿਸ਼ਾਨੇ ’ਤੇ ਵੱਜ ਕੇ ਛਪਨ ਹੋ ਜਾਂਦੇ ਨੇ...
ਪਾਣੀ ਤੇ ਵਾਹੀਆਂ ਲਕੀਰਾਂ ਵਾਂਗ...

ਸਿਪਾਹ ਸਲਾਰ : *(ਪੂਰੇ ਗੁੱਸੇ ਨਾਲ ਸਾਂਈ ਦੇ ਖੰਜਰ ਮਾਰਦਾ)*... ਆ ਲੈ ਸਾਂਈ
*(ਕਰੋਧਮਈ ਹਾਸਾ ਹੱਸਦਾ ਬੋਲਦਾ ਜਾ ਰਿਹਾ)*
ਹੈ ਕੋਈ ਹੋਰ ਕਾਫ਼ਰਾਂ ਦਾ ਹਮੈਤੀ ਐਥੈ... ਹੈ ਕੋਈ...

ਸਾਂਈਂ : *(ਮਰਦਾ ਹੋਇਆ)* ਸਿੱਖਾਂ ਕਦੇ ਮੁੱਕਣਾ ਨਹੀਂ-
ਬੰਦਾ ਸਿੰਘ ਨੇ ਰੁੱਕਣਾ ਨਹੀਂ
ਸਿੱਖਾਂ ਨੂੰ ਖਤਮ ਕਰਨਾ ਖਾਲੀ ਖਵਾਬ ਨੇ
ਓ ਘੋੜਿਆਂ ਦੀਆਂ ਕਾਠੀਆਂ ਤੇ ਰਹਿਣ ਵਾਲੇ
ਓ ਭੂਰਿਆਂ ਵਾਲੇ ਸਿੱਖ ਮੁਗਲ ਰਾਜ ਦਾ ਜਵਾਬ ਨੇ

ਸਿੱਖ ਹੀ ਮੁਗਲ ਰਾਜ ਦਾ ਜਵਾਬ ਨੇ...

ਸਿਪਾਹ ਸਲਾਰ : *(ਗੁੱਸੇ ਨਾਲ ਹੱਸਦਾ ਹੋਇਆ)* ਲੈ ਜਾਓ ਇਸ ਨੂੰ...

*(ਪਾਗਲਾਂ ਵਾਂਗ ਹੱਸਦਾ)*

*ਉਸ ਦੇ ਚਿਹਰੇ ਤੇ ਡਰ ਵੀ ਦਿਖਾਈ ਦੇ ਰਿਹੈ...*

ਪਿਛੋਕੜ ਤੋਂ ਵਾਰ

ਵਾਰ ਆਵਾਜ਼ : ਸ਼ਹਿਰ ਬਗ਼ਾਵਤ ਕਰ ਰਿਹਾ ਲਗਦੈ
ਜ਼ੋਰ ਖਾਨੂੰ ਦਾ ਮਰ ਰਿਹਾ ਲਗਦੈ

**ਫੇਡ-ਆਊਟ**



## ਝਾਕੀ ਨੰਬਰ ਨੌਂ

*ਲੋਕ ਸਿੱਖਾਂ ਨੂੰ ਮਾਰਨ ਲਈ ਜਹਾਦ 'ਚ ਜਾ ਰਹੇ ਨੇ।*

ਪਹਿਲਾ ਜਹਾਦੀ : ਸਲਾਮ ਭਾਈ ਤਿਆਰੀ ਆ

ਦੂਜਾ ਜਹਾਦੀ : ਨਵਾਬ ਸਾਅਬ ਦਾ ਹੁਕਮ ਆ ਗਿਐ

ਪਹਿਲਾ ਜਹਾਦੀ : ਜਹਾਦ ਤੇ ਜਾਣੈਂ ਤੇ ਸਿੱਖਾ ਨੂੰ ਮਾਰ ਮੁਕਾਣਾ

ਪਹਿਲਾ ਜਹਾਦੀ : ਹੁਣ ਨਹੀ ਜਾਣ ਦੇਣਾ ਸਿੱਖ ਸੁੱਕਾ ਕੋਈ

ਦੂਜਾ ਜਹਾਦੀ : ਲਗਣ ਦੇਣਾ ਨਹੀਂ ਓਹਨਾਂ ਦਾ ਤੁੱਕਾ ਕੋਈ

ਪਹਿਲਾ ਜਹਾਦੀ : ਵਜੀਰ ਖ਼ਾਨ ਨੇ ਹੁਕਮ ਸੁਣਾਇਆ ਹੈ

ਦੂਜਾ ਜਹਾਦੀ : ਕਰਨੀ ਜੰਗ ਦੀ ਤਿਆਰੀ ਕਾਇਦਾ ਬਣਾਇਆ ਹੈ

ਪਹਿਲਾ ਜਹਾਦੀ : ਘੋੜੇ ਹਾਥੀਆਂ ਦੀ ਬਕਾਇਦਾ ਕਵਾਇਦ ਹੋਵੇਗੀ

ਦੂਜਾ ਜਹਾਦੀ : ਪੈਦਲ ਫੌਜੀਆਂ ਦੀ ਵੱਖਰੀ ਰਵਾਇਤ ਹੋਵੇਗੀ

ਪਹਿਲਾ ਜਹਾਦੀ : ਤੀਰ ਅੰਦਾਜ ਵੱਡੇ ਤੇ ਗੋਲੀ ਮਾਰ ਆਉਣਗੇ

ਦੂਜਾ ਜਹਾਦੀ : ਕੋਈ ਨੇਜ਼ੇ ਨਾਲ ਮਾਰੂ ਤੇ ਤਲਵਾਰ ਵਾਹੁਣਗੇ

ਪਹਿਲਾ ਜਹਾਦੀ : ਸੂਬਾ ਖਿੱਚਦਾ ਤਿਆਰੀ ਸਿੱਖ ਕੁੱਟ ਲੈਣੇ ਨੇ

ਦੂਜਾ ਜਹਾਦੀ : ਬਚੇ ਖੁਚੇ ਸਾਰੇ ਓਦਾਂ ਹੀ ਲੁੱਟ ਲੈਣੇ ਨੇ

ਪਹਿਲਾ ਜਹਾਦੀ : ਕਈ ਹਜ਼ਾਰ ਜਹਾਦੀ ਪਿੰਡਾਂ ਵਿਚੋਂ ਆਉਣਗੇ

ਦੂਜਾ ਜਹਾਦੀ : ਕਹਿੰਦੇ ਸਿੱਖਾਂ ਵਾਲਾ ਖੁਰਾ ਖੋਜ ਹੀ ਮਿਟਾਉਣਗੇ

***... ਵਕਫਾ... ਕੁੱਝ ਦਿਨਾਂ ਬਾਅਦ...***

ਪਹਿਲਾ ਜਹਾਦੀ : ਓਏ ਜਹਾਦੀਆ... ਓਧਰ ਵੇਖ ਸਿੱਖੜੇ ਹੀ ਸਿੱਖੜੇ

ਦੂਜਾ ਜਹਾਦੀ : ਐਨੇ ਕਾਫਰ– ਚੱਲ ਮੁੜ ਸਰਹੰਦ ਵਲ, ਮਾਰੇ ਜਾਂਵਾਂਗੇ

ਪਹਿਲਾ ਜਹਾਦੀ : ਜੇ ਸਿੱਖੜਿਆਂ ਦੇ ਕਾਬੂ ਆ ਗਏ ਤਾਂ ਆਪਣੀ ਤਾਂ ਬੋਟੀ ਵੀ ਨਹੀਂ ਲੱਭਣੀ

ਦੂਜਾ ਜਹਾਦ : ਸੂਬਾ ਤਾਂ ਕਹਿੰਦਾ ਸੀ ਮਾਰ ਦਿੱਤੇ ਆ ਸਿੰਘ ਐਨੇ ਕਿਥੋਂ ਆ ਗਏ

ਦੋਨੋਂ ਜਹਾਦੀ : ਚੱਲ ਦੱਸੀਏ ਸਰਹੰਦ ਦੇ ਲੋਕਾਂ ਨੂੰ ਕਾਫ਼ਰਾਂ ਦੇ ਤਾਂ ਮੇਲੇ ਲੱਗੇ ਹੋਏ ਆ

*... ਹਨੇਰਾ... ਚਾਨਣ*

ਪਿਛੋਕੜ ਤੋਂ ਸਿੰਘਾਂ ਦੀ ਆਵਾਜ਼ : ਓਇ ਖਾਂ ਤੂੰ! ਹੁਣ ਹੌਸਲੇ ਸਿੰਘਾਂ ਦੇ ਦੇਖ ਜਰਾ
ਲਿਆ ਰਹੇ ਹਾਂ ਜੰਞ ਮੌਤ ਵਾਲੀ ਘਰ ਤੇਰੇ
ਆਖ ਭਾਬੀ ਬੇਗ਼ਮ ਨੂੰ, ਉੱਠ, ਤੇ ਚੁੱਲ੍ਹਾ ਸੇਕ ਜਰਾ

**ਫੇਡ-ਆਊਟ**



## ਝਾਕੀ ਨੰਬਰ ਦਸ

*ਬੰਦਾ ਬਹਾਦਰ ਦੀਆਂ ਜਿੱਤਾਂ ਤੇ ਉਹਨਾਂ ਦਾ ਲੋਕਾਂ 'ਤੇ ਅਸਰ ਲੋਕ ਭੱਜੇ ਫਿਰਦੇ ਹਨ:*

ਬਾਬਾ : ਓ ਕਿਧਰ ਜਾ ਰਹੇ ਹੋ... ਓ ਕਿਧਰੋਂ ਆ ਰਹੇ ਓ ਕੀ ਹੋ ਗਿਐ ਤੁਹਾਨੂੰ...ਓ ਕੁੱਸ਼ ਤਾਂ ਕਹੋ... ਕਿਧਰੋਂ ਕਿਧਰ ਨੂੰ ਜਾ ਰਹੇ ਹੋ??

ਲੋਕ : ਸਾਨੂੰ ਜਾਨ ਤੇ ਬਣੀ ਆਂ... ਤੁਸੀਂ ਮੁਸਕਰਾ ਰਹੇ ਹੋ?

ਬਾਬਾ : ਅਜੇ ਤਾਂ ਸਿੰਘ ਦੂਰ ਨੇ, ਤੁਸੀਂ ਤਾਂ ਐਵੇਂ ਡਰ ਗਏ
ਸਿੰਘਾਂ ਦੇ ਅਲੱਗ ਦਸਤੂਰ ਨੇ... ਤੁਸੀਂ ਤਾਂ ਐਵੇਂ ਡਰ ਗਏ

ਲੋਕ : ਤੈਨੂੰ ਸ਼ਾਇਰੀ ਉਤਰੇ ਸਾਧਾ...ਜਦ ਸਿੰਘਾਂ ਦਾ ਹੱਲਾ ਹੋਇਆ
ਸਭ ਦੇ ਹੋਣੇ ਕੁਤਰੇ ਸਾਧਾ...ਕਿਥੈਂ ਭੁੱਲਿਆਂ ਫਿਰਦਾਂ ਸਾਧਾ?

ਬਾਬਾ : ਦੁਰ-ਫਿੱਟੇ ਮੂੰਹ...ਐਨਾ ਡਰ ਗਏ

ਲੋਕ : ਲਾਹਨਤ ਐਵੇਂ ਪਾ ਨਾ ਬਾਬਾ, ਜਾਹ ਰਹਿਮਤ ਮੰਗ ਅਲਾਹ ਤੋਂ
ਬੰਦੇ ਤੋਂ...ਬਚਾਅ ਓ ਬਾਬਾ...ਬੰਦੇ ਤੋਂ- ਬਚਾਅ ਓ ਬਾਬਾ-

ਬਾਬਾ : ਐਸੀ ਕੀ ਹੈ ਕਰਾਮਾਤ ਓਸਦੀ, ਘਰ ਘਰ ਪੈਂਦੀ ਬਾਤ ਓਸਦੀ
ਤਾਜਾਂ ਅਤੇ ਨਵਾਬਾਂ ਕੋਲੋਂ ਝੱਲ ਨਹੀਂ ਹੁੰਦੀ ਤਾਬ ਓਸਦੀ

ਲੋਕ : ਬੇਪਰਵਾਹ ਓਹ ਪਾਣੀ ਹੜ੍ਹਦਾ
ਜਿਧਰ ਨੂੰ ਮੂੰਹ ਆਪਣਾ ਕਰਦਾ

ਟੋਏ ਟਿੱਬੇ ਪੱਧਰੇ ਕਰਕੇ
ਸਭ ਨੂੰ ਇਕ ਬਰਾਬਰ ਕਰਦਾ

ਬਾਬਾ : ਫਿਰ ਤਾਂ ਆਪਣਾ ਯਾਰ ਹੈ ਬੰਦਾ
ਬੰਦਾ ਬੰਦੇ ਦਾ ਹੋਵੇ ਦਾਰੂ
ਸਭ ਨੂੰ ਕਰਦਾ ਪਿਆਰ ਹੈ ਬੰਦਾ
ਜ਼ਾਲਮ ਕਾਤਲ ਖ਼ਾਨਾਂ ਦੇ ਲਈ
ਬਣ ਚੁੱਕਾ ਤਲਵਾਰ ਹੈ ਬੰਦਾ

ਲੋਕ : ਸੁਣਿਆਂ ਬੰਦਾ ਬੜਾ ਬਹਾਦਰ
ਆਕੜ ਸਭ ਦੀ ਕੱਢੀ ਜਾਵੇ
ਸ਼ਹਿਰ ਸ਼ਹਿਰ ਤੇ ਪਿੰਡ ਪਿੰਡ ਜਾ ਕੇ
ਵੱਡੇ ਜਾਬਰ ਵੱਢੀ ਜਾਵੇ
ਪਰ ਆਮਾਂ ਨੂੰ ਛੱਡੀ ਜਾਵੇ,
ਲੁੱਟ ਦੀ ਦੌਲਤ ਵੰਡੀ ਜਾਵੇ...

ਬਾਬਾ : ਹੱਸਦਾ ਹੈ...ਵਾਹ! ਵਾਹ!

ਲੋਕ : ਚਲ ਤੁਰ ਬਾਬਾ ਆਪਾਂ ਚਲੀਏ
ਹੁਣ ਸਰਹੰਦ ਦੀ ਵਾਰੀ ਆਉਂਣੀ,
ਨਾਨੀ ਚੇਤੇ ਆਉਂਣੀ ਸਭ ਨੂੰ
ਜਦ ਸਿੰਘਾਂ ਨੇ ਤੌਣੀਂ ਲੌਣੀ

ਬਾਬਾ : ਉਸਦੀ ਰਹਿਮਤ ਜੇ ਲੈਣੀ ਹੈ
ਭੱਜਣਾ ਛੱਡੋ ਸੱਜਣਾ ਸਿੱਖੋ
ਡਰ ਦੀ ਭੁੱਖ ਨੇ ਮਿਟਣਾ ਨਾਹੀਂ
ਸੱਚ ਨੂੰ ਪਹਿਨ ਕੇ ਰੱਜਣਾ ਸਿੱਖੋ
ਛੱਡ ਦਿਉ ਕੂੜ ਦਾ ਪੱਖ ਪੂਰਨਾ
ਵਿਚ ਮੈਦਾਨ ਦੇ ਗੱਜਣਾ ਸਿੱਖੋ
ਨੀਂਦਰ ਵਿਚ ਹੈ ਉਮਰ ਲੰਘਾਈ
ਨਾਲ ਸਿੰਘਾਂ ਦੇ ਜਗਣਾ ਸਿੱਖੋ
ਨਾਲ ਸਿੰਘਾਂ ਦੇ ਜਗਣਾ ਸਿੱਖੋ

**ਫੇਡ-ਆਊਟ**



## ਝਾਕੀ ਨੰਬਰ ਗਿਆਰਾਂ

*ਸਰਹੰਦ ਦੀ ਫਿਊਡਲ ਨੀਤੀ 'ਤੇ ਅਸਰ
ਲੋਕਾਂ ਤੇ ਸੋਚ ਵਿਚ ਬਦਲਾਅ ਤੇ ਲੋਕਾਂ ਦਾ ਬੰਦੇ
ਨਾਲ ਮਿਲਣਾ*

ਪਹਿਲਾ : ਬੜਾ ਅਜੀਬ ਵਕਤ ਹੈ

ਦੂਜਾ : ਡਰ ਦਾ ਮਹੌਲ ਹੈ

ਔਰਤ : ਮੇਰਾ ਦਿਲ ਵੀ ਘਾਊਂ ਮਾਊਂ ਹੁੰਦਾ,
ਦਹਿਲ 'ਚ ਜਿਵੇਂ ਹੌਲ਼ ਜਿਹਾ ਪੈਂਦਾ

ਪਹਿਲਾ : ਓ ਅਸੀਂ ਹਮੇਸ਼ਾ ਡਰ ਵਿਚ ਹੀ ਤਾਂ ਜੀਵੇਂ ਹਾਂ,
ਬੇ-ਪੱਤ ਹੋ ਕੇ...

ਔਰਤ : ਔਰਤਾਂ ਅਤੇ ਗਰੀਬਾਂ ਨੇ ਤਾਂ
ਡਰ ਡਰ ਕੇ ਜੀਣੈਂ ਇਸ ਰਾਜ ਵਿਚ
ਖੌਫ਼ ਵਿਚ ਹੀ ਸਾਡੇ ਬੱਚੇ ਜੰਮਦੇ...ਜੋ ਵੱਡੇ ਹੋ ਕੇ
ਡਾਹਢਿਆਂ ਤੋਂ ਡਰਦੇ,
ਕੰਮਜ਼ੋਰਾਂ ਨੂੰ ਡਰਾਉਂਦੇ,
ਔਰਤਾਂ ਤੇ ਜ਼ੁਲਮ ਕਰਦੇ

ਦੂਜਾ : ਡਰ ਵਿੱਚ ਜੀਣਾ ਸਾਡੀ ਆਦਤ ਬਣ ਗਈ ਆ...
ਇਹ ਕਾਹਦਾ ਜੀਣਾ,
ਬੇਜਾਨ ਜ਼ਿੰਦਗੀ-
ਅਰਥਹੀਣ-ਬੇਮਤਲਬ

ਔਰਤ : ਕਦੇ ਅਹਿਲਕਾਰਾਂ ਦਾ ਡਰ--
ਕਦੇ ਓਨ੍ਹਾਂ ਦੇ ਭੂਤਰੇ ਹੋਏ ਛੋਕਰਿਆਂ ਦਾ

ਪਹਿਲਾ : ਚਲੋ ਛੱਡੋ ਇਹਨਾਂ ਨਵਾਬਾਂ ਨੂੰ

ਔਰਤ : ਇਹਨਾਂ ਦੇ ਲਾਰਿਆਂ ਦੇ ਖਵਾਬਾਂ ਨੂੰ

ਦੂਜਾ : ਪਰ ਮੈਂ ਤਾਂ ਨਵਾਬ ਦਾ ਕੰਮ ਕਰਦਾਂ

ਉਹਦੇ ਟੁੱਕੜਿਆਂ ਤੇ ਪਲਦਾਂ
ਤੇ ਉਸਦਾ ਦਮ ਭਰਦਾਂ
ਮੈਂ ਉਹਦਾ ਲੂਣ ਖਾਧਾ ਹੈ, ਨਮਕ ਹਰਾਮੀ ਕਰ ਨਹੀਂ ਸਕਦਾ
ਮਰ ਸਕਦਾ ਹਾਂ, ਪਰ ਪਿੱਛੇ ਪੈਰ, ਧਰ ਨਹੀਂ ਸਕਦਾ...

ਪਹਿਲਾ : ਤੂੰ ਉਹਦੇ ਟੁੱਕੜਿਆਂ ਤੇ ਪਲਦੈਂ,
ਲੋਕਾਂ ਤੇ ਜ਼ੁਲਮ ਕਰਨ ਲਈ
ਨਵਾਬ ਖ਼ਾਤਿਰ ਜੀਣ ਲਈ ਨਵਾਬ ਖ਼ਾਤਿਰ ਮਰਨ ਲਈ ?
ਤੇਰਾ ਆਪਾ ਕਿਥੇ, ਈਮਾਨ ਕਿਥੇ ਤੇ ਅੱਲਾਹ ਕਿਥੈ ???
ਉਸਨੂੰ ਕੀ ਮੂੰਹ ਦਿਖਾਏਂਗਾ?

ਔਰਤ : ਲੂਣ ਹਰਾਮੀ ਤੇ ਨਵਾਬ ਕਰਦੇ ਨੇ...
ਸਾਡੀ ਕਮਾਈ ਲੁੱਟਦੇ ਨੇ
ਆਪਣੇ ਮਹਿਲ ਭਰਦੇ ਨੇ

ਪਹਿਲਾ : ਸਾਡੀਆਂ ਹੀ ਇਜ਼ਤਾਂ ਲੁੱਟ ਕੇ,
ਬਖਸੀਸ਼ ਵਿੱਚ ਸਾਨੂੰ ਹੀ ਮੋੜ ਦਿੰਦੇ ਨੇ
ਰਿਸ਼ਤਾ ਬਣਨ ਤੋਂ ਪਹਿਲਾਂ
ਸਾਡਾ ਉਹ ਤੋੜ ਦਿੰਦੇ ਨੇ
ਇਹਨਾਂ ਦੀ ਜੂਠ ਤੇ ਪਲੀਏ...
ਅਹਿਸਾਨਮੰਦ ਹੋਈਏ?
ਉਮਰ ਭਰ ਦੀ ਗੁਲਾਮੀ ਦਾ...
ਸਿਰਾਂ 'ਚ ਗੰਦ ਢੋਈਏ?

ਦੂਜਾ : ਤੂੰ ਕਮਲਾ ਹੋ ਬੈਠਾ ਏਂ
ਲਗਦੈ ਬੰਦੇ ਦੇ ਰੋਅਬ ਨੇ
ਤੇਰੇ ਅੰਦਰ ਡਰ ਭਰ ਦਿੱਤੇ
ਤੂੰ ਆਪਾ ਖੋਹ ਬੈਠਾ ਏਂ
ਬੰਦੇ ਦਾ ਹੋ ਬੈਠਾਂ ਏ।... ਜ਼ਰਾ ਬੱਚ ਕੇ ਰਹੀਂ...

ਔਰਤ : ਇਹ ਇਕੱਲਾ ਹੀ ਨਹੀਂ– 2



...ਹਜ਼ਾਰਾਂ ਹੋਰ ਵੀ ਨੇ...
ਜੋ ਆਪਾ ਖੋਹ ਬੈਠੈ ਨੇ
ਬੰਦੇ ਦੇ ਹੋ ਬੈਠੇ ਨੇ...ਹਾਂ ਹਾਂ ਬੰਦੇ ਦੇ ਹੋ ਬੈਠੇ ਨੇ... 2
ਪਹਿਲਾ ਤੇ ਔਰਤ ਵਾਰੀ ਵਾਰੀ ਬੋਲਦੇ ਹਨ:
ਮੁਗਲਈ ਰਾਜ ਵਿੱਚ
ਐਡੇ ਵੱਡੇ ਰਾਜ ਵਿਚ
ਜਿਸਦੇ ਮੂਹਰੇ ਨਾ ਕੋਈ ਅੜਦਾ
ਜਿਥੇ ਜ਼ੋਰ ਜੁਲਮ ਦਾ ਡੰਡਾ ਚਲਦਾ
ਉੱਚੀ ਧੌਣ ਜਿਸਦੀ ਹੋਈ
ਉਹ ਧੌਣ ਧੜ ਤੋਂ ਵੱਖਰੀ ਹੋਈ
ਓਸ ਰਾਜ ਵਿਚ ਅੱਜ ਇਹ ਬੰਦਾ *(ਬਹਾਦਰ)*
ਆ ਕੇ ਆਪਣਾ ਪਾਠ ਪੜ੍ਹਾਉਂਦਾ
ਮੁਗਲ ਫੌਜ ਨੂੰ ਮਾਰ ਭਜਾਉਂਦਾ
ਲੋਕਾਂ ਨੂੰ ਵਿਸ਼ਵਾਸ਼ ਦਿਵਾਉਂਦਾ
ਸਿਰ ਚੁੱਕ ਕੇ ਜੀਣਾ ਸਿਖਲਾਉਂਦਾ
ਕੀ ਇਹ ਸਭ ਕੁੱਝ ਹੋ ਸਕਦਾ ਸੀ
ਕੀ ਇਹ ਸਭ ਕੁੱਝ ਹੋ ਸਕਦਾ ਹੈ
ਹਾਂ ਇਹ ਸਭ ਕੁੱਝ ਹੋ ਰਿਹਾ ਹੈ
ਤਾਂਹੀਉਂ ਅੱਜ ਦਾ ਆਮ ਇਹ ਬੰਦਾ
ਉਸ ਬੰਦੇ ਦਾ ਹੋ ਰਿਹਾ ਹੈ
ਉਸ ਬੰਦੇ ਦਾ ਹੋ ਰਿਹਾ ਹੈ
ਉਸ ਬੰਦੇ ਦਾ ਹੋ ਰਿਹਾ ਹੈ

**ਫੇਡ-ਆਊਟ**

## ਝਾਕੀ ਨੰਬਰ ਬਾਰਾਂ

*ਬੰਦਾ ਬਹਾਦਰ ਦੀਆਂ ਜਿੱਤਾਂ*

ਇਕ ਬੰਦਾ : ਸਤਨਾਮੀਏ ਦੇ ਚੇਲੇ ਵੀ ਹੁਣ ਭੱਜੇ ਫਿਰਦੇ ਆ

ਦੂਜਾ ਬੰਦਾ : ਉਹ ਤਾਂ ਔਰੰਗਜੇਬ ਦੇ ਵੇਲੇ ਵੀ ਬੜੇ ਆਕੜ ਕੇ ਰਹਿੰਦੇ ਸਨ

ਇਕ ਔਰਤ : ਬੰਦੇ ਬਹਾਦਰ ਨੇ ਸੁਣਿਐਂ "ਨਰਲੌਂਕ" ਵਿਚ ਸਭ ਤੋਂ ਪਹਿਲਾਂ ਸਤਨਾਮੀਆਂ ਦੇ ਕਾਤਲਾਂ ਤੇ ਡਾਕੂਆਂ ਨੂੰ ਸੋਧਾ ਲਾਇਆ

ਤੀਜਾ ਬੰਦਾ : ਚੰਗਾ ਕੀਤਾ... ਬੜਾ ਲੁੱਟਦੇ ਸਨ ਲੋਕਾਂ ਨੂੰ ਹਾਕਮਾਂ ਦੀ ਸ਼ਹਿ ਤੇ ਡਾਕੂ ਬਾਬੇ।

ਇਕ ਬੰਦਾ : ਇਕੱਲਾ ਲੁੱਟਦੇ ਹੀ ਨਹੀਂ ਸਨ ਉਹ ਤਾਂ ਲੋਕਾਂ ਦੀਆਂ ਤੀਮੀਆਂ ਵੀ ਧੱਕੇ ਨਾਲ ਰੱਖੀ ਫਿਰਦੇ ਸਨ।

ਦੂਜਾ ਬੰਦਾ : ਭੋਲੇ ਗਰੀਬ ਲੋਕ ਡਰਦੇ, ਰੋਟੀ ਖ਼ਾਤਿਰ, ਇਜ਼ਤ ਖ਼ਾਤਿਰ ਸਭ ਲੁਟਾ ਧਰਦੇ।

ਇਕ ਔਰਤ : ਐਥੈ ਲੁੱਟਣ ਵਾਲੇ ਚੋਰ ਬਾਬੇ ਵੀ ਬੜੇ ਤੇ *(ਤੀਜੇ ਵਲ ਮੂੰਹ ਕਰਕੇ)* ਲੁੱਟ ਹੋਣ ਲਈ ਘੁੱਗੂ ਵੀ ਬੜੇ

ਤੀਜਾ ਬੰਦਾ : *(ਔਰਤ ਵਲ)* ਤੂੰ ਮੈਨੂੰ ਲਾ ਲਾ ਕੇ ਗੱਲਾਂ ਨਾ ਕਰ, ਪਰ ਇਹਨਾਂ ਦੇ ਜਾਲ਼ ਚੋਂ ਨਿਕਲਣਾ ਬੜਾ ਔਖਾ, ਦੇਖੀਂ... ਤੂੰ ਬੱਚ ਕੇ ਰਹੀਂ...

ਔਰਤ : ਬਚੀ ਹੋਈ ਆਂ ਮੈਂ...ਤੂੰ ਬਚੀਂ...

ਇਕ ਬੰਦਾ : ਇਹ ਤਾਂ ਬੰਦੇ ਬਹਾਦਰ ਵਰਗਾ ਕੋਈ ਕਰਮਯੋਗੀ ਯੋਧਾ

ਦੂਜਾ ਬੰਦਾ : ਚਾਲ-ਚੱਲਣ ਦਾ ਪੱਕਾ- ਲਾਵੇ ਠੱਗ ਬਾਬਿਆਂ ਨੂੰ ਸੋਧਾ

ਇਕ ਔਰਤ : ਉਹਨਾਂ ਦੀਆਂ ਗਿੱਚੀਆਂ ਮਰੋੜੇ



ਤੀਜਾ ਬੰਦਾ : ਮਣਕੇ ਧੌਣਾਂ ਦੇ ਤੋੜੇ

ਇਕ ਬੰਦਾ : ਵਹਿਮਾਂ ਭਰਮਾ ਚੌਂ ਕੱਢ

ਦੂਜਾ ਬੰਦਾ : ਸੁੱਚੇ ਜੀਵਨ ਵਲ ਤੋਰੇ

ਔਰਤ : ਇਜ਼ਤਾਂ ਲੋਕਾਂ ਦੀਆਂ ਮੋੜੇ

ਇਕ ਬੰਦਾ : "ਨਰਲੌਂਕ" ਦੇ ਸੋਧੇ ਤੋਂ ਐਸਾ ਡਰਿਆ ਹਿਸਾਰ ਸ਼ਹਿਰ

ਦੂਜਾ ਬੰਦਾ : ਆ ਕੇ ਬੰਦੇ ਬਹਾਦਰ ਦੇ ਚਰਨਾਂ ਵਿੱਚ ਡਿੱਗ ਪਿਆ<br>ਭਈ ਸਾਡੇ ਤੇ ਕਰਿਉ ਰਹਿਮ<br>ਨਾ ਢਾਹਿਉ ਐਵੇਂ ਕਹਿਰ

ਇਕ ਔਰਤ : ਮੁਆਫ਼ੀਆਂ ਮੰਗ ਲਈਆਂ ਤੇ ਬਚ ਗਏ...

ਤੀਜਾ ਬੰਦਾ : ਹੁਣ ਟੋਹਣੇ ਪਿੰਡ ਵਿਚ ਬਹਿ ਕੇ ਬੰਦੇ ਬਹਾਦਰ ਨੇ ਲਿਖ ਭੇਜੇ ਨੇ ਹੁਕਮਨਾਮੇ

ਇਕ ਬੰਦਾ : ਪਿੰਡਾਂ ਕਸਬਿਆਂ ਦੇ ਮੁਖੀਆ ਨੂੰ, ਜਗੀਰਦਾਰਾਂ ਨੂੰ, ਮੋਹਤਬਾਰਾਂ ਨੂੰ

ਦੂਜਾ ਬੰਦਾ : ਵਕਤ ਆ ਗਿਆ ਸਿੰਘਾਂ ਨਾਲ ਰਲ਼ ਜਾਉ

ਇਕ ਔਰਤ : ਜ਼ਾਲਮ ਜ਼ਾਬਰਾਂ ਦਾ ਖਾਤਮਾ ਕਰਨ ਸਿੰਘਾਂ ਨਾਲ ਖੜ ਜਾਉ

ਤੀਜਾ ਬੰਦਾ : ਗੁਲਾਮੀ ਦਾ ਜੂਹਲ਼ਾ ਲਾਹੁਣ ਲਈ ਲੜ ਜਾਉ

ਇਕ ਬੰਦਾ : ਅੱਗੇ ਵੱਧੋ--ਜੋ ਨਹੀਂ ਆਵੇਗਾ...ਦੁਸ਼ਮਣ ਸਮਝਿਆ ਜਾਵੇਗਾ

ਦੂਜਾ ਬੰਦਾ : ਔਰ ਮੈਦਾਨੇ ਜੰਗ ਵਿਚ ਸੋਧ ਦਿੱਤਾ ਜਾਵੇਗਾ

ਇਕ ਔਰਤ : ਹਿੰਦੂ ਮੁਸਲਮਾਨ ਉਸ ਨਾਲ ਮਿਲਦੇ ਜਾ ਰਹੇ

ਇਕ ਬੰਦਾ : ਸੋਨੀਪਤ ਤੇ ਕੈਥਲ ਬੰਦਾ ਸਿੰਘ ਬਹਾਦਰ ਦੇ ਕਬਜ਼ੇ ਵਿੱਚ ਆ ਚੁੱਕੇ ਹਨ

ਦੂਜਾ ਬੰਦਾ : ਸਮਾਣਾ, ਜਲਾਲੂਦੀਨ ਜਲਾਦ ਵਾਲਾ ਸਮਾਣਾ - ਜਿਸ ਨੇ ਨੌਂਵੇ ਗੁਰੂ ਤੇਗ ਬਹਾਦਰ -ਹਿੰਦ ਦੀ ਚਾਦਰ...ਦਾ ਦਿੱਲੀ ਵਿਚ ਕਤਲ ਕੀਤਾ ਸੀ...

ਇਕ ਔਰਤ : ਸ਼ਾਸਲ ਬੇਗ ਤੇ ਬਾਸ਼ਲ ਬੇਗ ਵਾਲਾ ਸਮਾਣਾ- ਜਿਨ੍ਹਾਂ ਫੁੱਲਾਂ ਵਰਗੇ ਮਾਸੂਮ ਬੇਹੋਸ਼ ਸਾਹਿਬਜ਼ਾਦਿਆਂ

ਦਾ ਕੰਧਾਂ ਚੋਂ ਕੱਢ ਕੇ ਕਤਲ ਕੀਤਾ ਸੀ...

ਦੂਜਾ ਬੰਦਾ : ਅਲੀ ਹੁਸੈਨ ਵਾਲਾ ਸਮਾਣਾ- ਜਿਸ ਨੇ ਗੁਰੂ ਨਾਲ ਆਨੰਦਪੁਰ ਦਾ ਕਿਲ੍ਹਾ ਛੱਡਣ ਲਈ ਕੁਰਾਨ-ਏ-ਪਾਕ ਦੀਆਂ ਝੂਠੀਆਂ ਕਸਮਾਂ ਖਾਧੀਆਂ...ਫਿਰ

ਤੀਜਾ ਬੰਦਾ : ਜਿਸਨੇ ਆਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਗੁਰੂ ਪਰਿਵਾਰ ਤੇ ਹਮਲਾ ਕੀਤਾ ਗੁਰੂ ਜੀ ਦਾ ਪਰਿਵਾਰ ਖੇਰੂੰ ਖੇਰੂੰ ਕਰ ਦਿੱਤਾ... ਸੈਂਕੜੇ ਬੇਕਸੂਰ ਸਿੱਖਾਂ ਨੂੰ ਮਾਰਿਆ

ਇਕ ਔਰਤ : ਗੁਰੂ ਜੀ ਦੇ ਵੱਡੇ ਪੁੱਤਰ ਚਮਕੌਰ ਵਿੱਚ ਸ਼ਹੀਦ ਹੋਏ ਅਤੇ ਛੋਟੇ ਇਸੇ ਸਰਹੰਦ ਵਿਚ ਤੇ ਮਾਂ ਗੁਜਰੀ ਵੀ ਇਥੇ ਗੁਜਰੀ...

ਪਹਿਲਾ ਬੰਦਾ : *(ਜੋਸ਼ ਨਾਲ)*ਅੱਜ ਜੇ ਬੰਦੇ ਬਹਾਦਰ ਨੇ ਸਮਾਣਾ ਸਾੜ ਕੇ ਨੇਸਤੂ ਨਾਬੂਤ ਕਰ ਦਿੱਤੈ ਲੋਕੋ... ਤਾਂ ਕੋਈ ਰੋਸ ਨਹੀਂ..ਕੋਈ ਦੁੱਖ ਨਹੀਂ

ਦੂਜਾ ਬੰਦਾ : ਸ਼ਾਹਬਾਦ ਮਰਕੰਢਾ ਦੇ ਰੰਗੜਾ ਨੂੰ ਸੋਧਣ ਤੋਂ ਬਾਦ ਸਢੌਰਾ ਸ਼ਹਿਰ ਨੂੰ ਵੀ ਮਲੀਆ ਮੇਟ ਕਰ ਦਿੱਤਾ ਬੰਦਾ ਬਹਾਦਰ ਨੇ...

ਔਰਤ : ਹਾਏ! ਹਾਏ! ਸਢੋਰੇ ਨੂੰ ਕਿਉਂ, ਉਥੇ ਤਾਂ ਪੀਰ ਬੁੱਧੂ ਸ਼ਾਹ ਦੀ ਰਿਹਾਇਸ਼ ਗਾਹ ਸੀ

ਤੀਜਾ ਬੰਦਾ : ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦੀ ਮਦਦ ਕੀਤੀ ਸੀ, ਉਸਦੇ 700 ਚੇਲੇ ਤੇ ਪੁੱਤਰ ਵੀ ਸ਼ਹੀਦ ਹੋਏ, ਫਿਰ ਸਢੋਰਾ ਕਿਉ ਸਾੜਿਆ?

ਦੂਜਾ ਬੰਦਾ : ਕਿਉਂਕਿ ਪਾਪੀ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ ਜੀ ਤੇ ਉਸਦੇ ਬਾਕੀ ਬਚੇ ਪਰਿਵਾਰ ਨੂੰ ਗੁਰੂ ਜੀ ਦੀ ਮਦਦ ਕਰਨ ਬਦਲੇ, ਤਸੀਹੇ ਦੇ ਦੇ ਕੇ ਮਾਰਿਆ ਸੀ

ਔਰਤ : ਹਿੰਦੂ ਤਾਂ ਸਢੋਰੇ ਨੂੰ ਕਤਲ ਗੜੀ ਕਹਿੰਦੇ ਨੇ, ਉਸਮਾਨ ਖਾਨ ਹਿੰਦੂਆਂ ਨੂੰ ਮੁਰਦੇ ਸਾੜਨ ਦੀ ਵੀ ਇਜ਼ਾਜ਼ਤ ਨਹੀਂ ਦਿੰਦਾ ਸੀ

ਦੂਜਾ : ਇਸ ਰਾਜ ਵਿੱਚ ਨਾ ਜੀਉਂਣ ਦਾ ਚੱਜ ਲੋਕੋ ਨਾ



ਮਰਨ ਦਾ...

ਪਹਿਲਾ : ਤਾਂ ਹੀਂ ਬੰਦੇ ਬਹਾਦਰ ਨੇ ਹਵੇਲੀਆਂ ਸਾੜ ਦਿੱਤੀਆਂ ਪਰ ਗਰੀਬਾ ਨੂੰ ਕੁੱਝ ਨਹੀ ਕਿਹਾ-ਉਸਮਾਨ ਖਾਨ ਤੇ ਉਸਦੇ ਕੋੜਮੇ ਦਾ ਖਾਤਮਾ ਕੀਤਾ

ਔਰਤ : ਲੋਕ ਦੁਸ਼ਮਣ ਜਾਬਰ ਉਸਮਾਨ ਖਾਨ ਨੂੰ ਮਾਰਨਾ ਜਾਇਜ਼... ਉਸਦੇ ਪਾਪਾਂ ਦੀ ਸਜ਼ਾ ਸਹੀ... ਕੋਈ ਗ਼ਮ ਨਹੀਂ

ਦੂਜਾ ਬੰਦਾ : ਅਕਬਰ ਬਾਦਸ਼ਾਹ ਨੇ ਲੋਕਾਂ ਦੇ ਦਿਲ ਜਿੱਤ ਕੇ ਜੋ ਰਾਜ ਕਾਇਮ ਕੀਤਾ ਵਜੀਰ ਖਾਨ ਤੇ ਓਸਦੇ ਅਹਿਲਕਾਰ ਗਰੀਬਾਂ ਤੇ ਜੁਲਮ ਕਰਕੇ ਉਸ ਰਾਜ ਨੂੰ ਨਸ਼ਟ ਕਰ ਰਹੇ ਨੇ

ਤੀਜਾ ਬੰਦਾ : ਅੱਜ ਬੰਦਾ ਬਹਾਦਰ ਜਾਬਰਾਂ ਨਾਬਰਾਂ ਨੂੰ ਸਜ਼ਾਵਾਂ ਦੇ ਕੇ ਲੋਕ ਨਾਇਕ ਬਣ ਚੁੱਕਾ ਹੈ

ਔਰਤ : ਮੁਖ਼ਲਿਸ ਗੜ ਦੀ ਕੱਚੀ ਗੜੀ ਹੁਣ ਲ਼ੋਹ ਗੜ੍ਹ ਦਾ ਕਿਲ੍ਹਾ ਬਣ ਚੁੱਕੀ ਹੈ ਲੋਕ ਹੁਣ ਨਿਆਂ ਲਈ ਸਰਹੰਦ ਦੇ ਨਵਾਬ ਵੱਲ ਨਹੀਂ ਲੋਹ ਗੜ੍ਹ ਵਾਲੇ ਸਰਦਾਰ ਬੰਦਾ ਸਿੰਘ ਬਹਾਦਰ ਵਲ ਤੱਕਦੇ ਹਨ

ਪਹਿਲਾ ਬੰਦਾ : ਜਿਹੜੇ, ਬੋਲੇ ਸੋ ਨਿਹਾਲ ਦੇ ਜੈਕਾਰੇ, ਰਾਤ ਬਾਰਾਂ ਵਜੇ ਤੋਂ ਬਾਦ ਸੁਣਦੇ ਸਨ। ਹੁਣ ਦਿਨ ਰਾਤ ਗੂੰਜਦੇ ਨੇ

*(ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਜੈਕਾਰੇ ਹਨ)*

ਔਰਤ : ਸਿੰਘਾਂ ਦੇ ਨਗਾਰੇ ਦੀ ਧਮਕ ਸਰਹੰਦ ਦੇ ਮਹੱਲਾਂ ਦੀਆਂ ਕੰਧਾ ਹਿਲਾ ਰਹੀ ਹੈ

ਦੂਜਾ ਬੰਦਾ : ਸਰਹੰਦ ਵਿਚ ਸਾਰੀ ਸਾਰੀ ਰਾਤ ਕੁੱਤੇ ਰੌਂਦੇ ਨੇ... ਲੋਕ ਡਰਦੇ ਨੇ

ਤੀਜਾ ਬੰਦਾ : ਲੋਕਾਂ ਦੇ ਹੀ ਨਹੀਂ ਅਹਿਲਕਾਰਾਂ ਤੇ ਖਾਨਾਂ ਦੇ ਦਿਲ ਵੀ ਦਹਿਲ ਚੁੱਕੇ ਨੇ

ਔਰਤ : ਬੇਗਮਾਂ ਮਹਿਲਾਂ ਵਿਚ ਤਸਬੀ ਫੇਰਦੀਆਂ ਮੰਨਤਾਂ ਮੰਨਦੀਆਂ ਫਿਰਦੀਆਂ ਨੇ

ਪਹਿਲਾ ਬੰਦਾ : ਸੁਣਿਐਂ ਨਵਾਬ ਨੂੰ ਬੰਦਾ ਬਹਾਦਰ ਮੌਤ ਦਾ ਫੁਰਮਾਨ ਲਗਦੈ ਸਾਰੇ ਹੁਣ ਤਸਬੀਆਂ ਪਰਚਿਆਂ ਤੇ ਟੂਹਣੇ ਟਾਮਣਾਂ ਨਾਲ ਕੰਮ ਨਹੀਂ ਚਲਣੇ... ਹੁਣ ਤਾਂ ਚੱਪੜ ਚਿੱੜੀ ਵਾਲੇ ਜੰਗ ਦੇ ਮੈਦਾਨ ਵਿਚ ਹੋਵੇਗਾ ਫੈਸਲਾ 29 ਵੈਸਾਖ 1769 ਨੂੰ

ਜੰਗ ਦਾ ਬਿਗਲ

ਵਜਦਾ : ਹੁਣ ਤੀਰਾਂ ਨੇ ਫੈਸਲਾ ਕਰਨਾ
ਹੁਣ ਵੀਰਾਂ ਨੇ ਫੈਸਲਾ ਕਰਨਾ
ਕੋਈ ਮੰਨਤ ਮਨੌਤ ਨਾ ਫਲਣੀ
ਟੂਣਾ ਜਾਦੂਗਿਰੀ ਨਾ ਚਲਣੀ
ਸਰਹੰਦ ਦੀ ਇੱਟ ਨਾਲ ਇੱਟ ਹੈ ਵੱਜਣੀ
ਸਰਹੰਦ ਦੀ ਇੱਟ ਨਾਲ ਇੱਟ ਹੈ ਵੱਜਣੀ

**ਫੇਡ-ਆਊਟ**



## ਝਾਕੀ ਨੰਬਰ ਤੇਰਾਂ

*ਚੱਪੜ ਚਿੱੜੀ ਦਾ ਮੈਦਾਨ ਘੋੜਿਆ ਦੀਆਂ ਟਾਪਾਂ*
*ਹਥਿਆਰਾਂ ਦੀ ਖੜਖੜ ਥੜਤੜ ਕੜਕੜ*
*ਭੱਜੋ ਲੋਕੋ ਬੱਚ ਲਓ ਲੋਕੋ*
*ਦੋੜੋ ਲੌਕੋ ਫੜ ਲਉ ਲੋਕੋ, ਛੱਡ ਦਉ ਲੋਕੋ*
*ਮਾਰੋ, ਭੱਜੋ, ਦੌੜੋ, ਬਚੋ, ਗਟ-2, ਗਟ-2*

ਬੰਦਾ ਆ ਗਿਆ, ਬੰਦਾ ਆ ਗਿਆ
ਮਾਰੋ, ਭੱਜੋ, ਦੌੜੋ, ਬਚੋ, ਗਟ-2 ਗਟ-2
ਸੁੱਚਾ ਨੰਦ (ਵਰਗਾ ਬੰਦਾ) ਸਟੇਜ ਤੇ ਆਉਂਦਾ... ਸਾਹੋ ਸਾਹ
ਮਾਰੋ, ਭੱਜੋ, ਦੌੜੋ, ਬਚੋ, ਗਟ- 2, ਗਟ-2
ਮੈਂ...ਮੈਂ ਮੈਨੂੰ ਮੁਆਫ਼ ਕਰ ਦਉ
ਮੈਂ ਲੜ ਨਹੀਂ ਸਕਦਾ,
ਲੜਾ ਸਕਦਾ ਹਾਂ
ਮਰ ਨਹੀਂ ਸਕਦਾ
ਮਰਵਾ ਸਕਦਾ ਹਾਂ
ਇਸ ਲਈ ਆਪਣੇ
ਮਾਲਕ ਵਜੀਰ ਖ਼ਾਨ ਨੂੰ
ਮੈਦਾਨ ਵਿਚ ਛੱਡ...
ਭੱਜ ਆਇਆਂ ਹਾਂ?
ਮੈਨੂੰ ਮਰਨ ਤੋਂ ਡਰ ਲਗਦੈ
ਮੈਂ ਮਰ ਨਹੀਂ ਸਕਦਾ
ਮਰਵਾ ਸਕਦਾ ਹਾਂ

ਆਵਾਜ਼ : ਮੁਹੰਮਦ ਸ਼ੇਰ ਖ਼ਾਨ ਨੂੰ ਗੋਲੀ ਵੱਜੀ... ਮਾਰਿਆ ਗਿਆ

ਸੁੱਚਾ ਨੰਦ : ਚੰਗਾ ਹੋਇਆ...
ਮੈਂ ਬਚ ਕੇ ਆ ਗਿਆ ਹਾਂ,

ਮੈਂ ਬਚ ਗਿਆ...ਹਾ ਹਾ ਹਾ –

*ਆਪਣੇ ਆਪ ਨੂੰ ਵੇਖਦਾ*
*(ਕੁੱਝ ਲੋਕ ਸੁੱਚੇ ਨੰਦ ਨੂੰ ਪਾਗਲ ਜਾਣ ਕੇ ਬੰਨ ਲੈਂਦੇ ਹਨ ਘਸੀਟ ਕੇ ਲੈ ਕੇ ਜਾਂਦੇ ਹਨ)*

ਆਵਾਜ਼ : ਵਜੀਰ ਖ਼ਾਨ ਮਾਰਿਆ ਗਿਆ

ਹੋਰ ਅਵਾਜ : ਖਾਨ ਦਾ ਸਿਰ ਵੱਢ ਕੇ ਸਿੰਘਾਂ ਨੇ ਨੇਜ਼ੇ 'ਚ ਟੰਗ ਲਿਆ

ਅਵਾਜਾਂ : ਵਜੀਰ ਖਾਨ ਦੇ ਹਾਥੀ ਉਪਰ ਚੜ੍ਹ ਕੇ
ਨੇਜ਼ੇ ਤੇ ਉਸਦਾ ਸਿਰ ਜੜ੍ਹ ਕੇ
ਸਿੰਘ ਆ ਰਹੇ ਨੇ...
ਸਿੰਘ ਆ ਰਹੇ ਨੇ...
ਸ਼ਾਹੀ ਫੌਜਾਂ ਭੱਜ ਗਈਆਂ ਨੇ
ਮੁਗਲ ਸਲਤਨਤ ਹਾਰ ਗਈ ਹੈ
ਸਿੰਘ ਸਰਹੰਦ ਦੇ ਦਰਵਾਜੇ ਤੱਕ ਪਹੁੰਚ ਗਏ ਹਨ
ਸ਼ਾਹੀ ਖਾਨਦਾਨ ਦੋ ਦਿਨ ਪਹਿਲਾਂ ਦਿੱਲੀ ਵਲ ਭੱਜ ਗਿਆ
ਸਰਹੰਦ ਸਾੜੀ ਜਾ ਰਹੀ ਹੈ
ਸਰਹੰਦ ਮਾਰੀ ਜਾ ਰਹੀ ਹੈ
ਸਰਹੰਦ ਹਾਰੀ ਜਾ ਰਹੀ ਹੈ
ਸਰਹੰਦ ਹਾਰ ਚੁੱਕੀ ਹੈ
ਸਰਹੰਦ ਹਾਰ ਚੁੱਕੀ ਹੈ
ਸਰਹੰਦ ਫਤਹਿ ਹੋ ਚੁੱਕੀ ਹੈ
ਸਰਹੰਦ ਫਤਹਿ
ਸਰਹੰਦ ਫਤਹਿ
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ
(ਬੰਦਾ ਆ ਗਿਆ ਬੰਦਾ ਆ ਗਿਆ)
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ
ਜੈਕਾਰੇ ਗੂੰਜੀ ਜਾ ਰਹੇ ਹਨ...

**ਫੇਡ-ਆਊਟ**



## ਝਾਕੀ ਨੰਬਰ ਚੌਦਾਂ

*ਸਰਹਿੰਦ ਫਤਹਿ ਦ੍ਰਿਸ਼*
*ਜਿੱਤ ਦਾ ਢੰਢੋਰਾ*

ਸੁਣੋ... ਸੁਣੋ... ਸੁਣੋ
ਸਭ ਆਮੋ ਖਾਸ ਸੁਣੋ
ਨਗਾਰੇ ਦੀ ਚੋਟ ਨਾਲ ਐਲਾਨ ਕੀਤਾ ਜਾ ਰਿਹਾ ਹੈ
ਅੱਜ ਜੇਠ ਪਹਿਲੀ 1769 ਨੂੰ ਐਲਾਨ ਕੀਤਾ ਜਾਂਦਾ ਹੈ
ਸਰਹੰਦ, ਸਿੱਖਾਂ ਦੇ ਬਹਾਦਰ ਜਰਨੈਲ ਸਰਦਾਰ ਬਹਾਦਰ ਸਰਦਾਰ
ਬੰਦਾ ਸਿੰਘ ਬਹਾਦਰ ਸਾਹਿਬ ਦੇ ਕਬਜ਼ੇ ਵਿੱਚ ਆ ਚੁੱਕੀ ਹੈ
ਅੱਜ ਤੋਂ ਸਰਹੰਦ ਵਿੱਚ ਮੁਗਲੀਆ ਹਕੂਮਤ ਖਤਮ ਤੇ
ਸਿੱਖ ਕੌਮ ਦਾ ਹਲੇਮੀ ਰਾਜ ਸੁਰੂ ਹੁੰਦਾ ਹੈ
ਸਿੱਖ ਰਾਜ ਵਿੱਚ ਬਾ-ਹਕੂਮਤ, ਸਿੱਖਾਂ ਦੇ ਬਹਾਦਰ ਜਰਨੈਲ
ਸਰਦਾਰ ਬਹਾਦਰ ਸਰਦਾਰ ਬੰਦਾ ਸਿੰਘ ਬਹਾਦਰ ਸਾਹਿਬ
ਸਭ ਆਮੋ ਖਾਸ ਨੂੰ ਇਹ ਐਲਾਨ ਕੀਤੇ ਜਾਂਦੇ ਹਨ ਕਿ ਅੱਜ ਤੋਂ:

1. ਸਭ ਲੋਕਾਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਵੇਗਾ
2. ਹਿੰਦੂਆਂ ਮੁਸਲਮਾਨਾਂ ਨਾਲ ਉਹਨਾਂ ਦੇ ਧਰਮ ਦੇ ਆਧਾਰ ਤੇ ਵਧੀਕੀਆਂ ਨਹੀਂ ਹੋਣਗੀਆਂ
3. ਸਭ ਦੀ ਜਾਨੋ ਮਾਲ ਦੀ ਰੱਖਿਆਂ ਕੀਤੀ ਜਾਵੇਗੀ
4. ਕਿਸੇ ਮੁਸਲਮਾਨ ਦੀ ਜਾਇਦਾਦ ਨਹੀਂ ਲੁੱਟੀ ਜਾਵੇਗੀ
5. ਕੋਈ ਮਨੁੱਖ, ਕਿਸੇ ਵੀ ਦੂਜੇ ਦੀ ਮਾਂ ਭੈਣ ਜਾਂ ਧੀ ਨਾਲ ਦੁਰ-ਵਿਵਹਾਰ ਨਹੀਂ ਕਰੇਗਾ ਤੇ ਨਾ ਭੈੜੀ ਨਿਗਾਹ ਰੱਖੇਗਾ ਚਾਹੇ ਉਹ ਔਰਤ ਦੁਸ਼ਮਣ ਦੀ ਜਾਂ ਮੁਸਲਮ ਪਰਿਵਾਰ ਦੀ ਹੋਵੇ, ਜੋ ਐਸਾ ਕਰੇਗਾ ਸਜ਼ਾ ਪਾਵੇਗਾ
6. ਆਮ ਲੋਕਾਂ ਵਿਚੋਂ ਲੋਕ ਸੇਵਕਾਂ ਨੂੰ ਸਰਕਾਰੀ ਔਹਦੇ ਦਿੱਤੇ ਜਾਣਗੇ ਉਹ ਭਾਵੇਂ ਕਿਸੇ ਜਾਤ ਧਰਮ ਜਾਂ ਫਿਰਕੇ ਦੇ ਹੋਣ ਪਰ ਉਹ ਲੋਕ ਹਿੱਤਾਂ ਅਤੇ ਰੱਬ ਦੇ ਬੰਦਿਆਂ ਨੂੰ ਬਰਾਬਰ ਮੰਨਦੇ ਹੋਣ।
7. ਹੱਲ ਵਾਹਕ ਕਿਸਾਨਾਂ ਨੂੰ ਜਮੀਨਾਂ ਦੀ ਮਲਕੀਅਤ ਦਿੱਤੀ ਜਾਂਦੀ ਹੈ।

8. ਇਹ ਰਾਜ ਕਿਸੇ ਜਾਤ ਜਾਂ ਧਰਮ ਦੇ ਵਿਰੁੱਧ ਨਹੀ ਬਲਕਿ ਜਬਰ ਤੇ ਜਰਵਾਣਿਆਂ ਦੇ ਖ਼ਿਲਾਫ਼ ਹੋਵੇਗਾ।

9. ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਸਥਾਪਿਤ ਕੀਤੀ ਜਾ ਚੁੱਕੀ ਸਾਰੇ ਕੌਮੀ ਮਸਲੇ ਲੋਹਗੜ ਵਿੱਚ, ਖ਼ਾਲਸੇ ਦੇ ਨਿਸ਼ਾਨ ਥੱਲੇ ਹੱਲ ਕੀਤੇ ਜਾਣਗੇ।

10. ਸਭ ਆਮੋ ਖਾਸ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਏ ਸਿੱਖਾਂ ਦੇ ਕੌਮੈ-ਉਲਮ ਵਲੋ ਲਾਗੂ ਹਲੇਮੀ ਰਾਜ ਨੂੰ ਮਜਬੂਤ ਕਰਨ ਲੱਈ ਸੱਦਾ ਦਿੱਤਾ ਜਾਂਦਾ ਹੈ।

ਸੁਣੋ-- ਸੁਣੋ-- ਸੁਣੋ

ਸਭ ਆਮੋ ਖਾਸ ਸੁਣੋ

ਜਿੱਤ ਜੈਕਾਰੇ *(ਖੁਸ਼ੀਆਂ ਦੇ ਕਿਲਕਾਰੇ)*

ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਗਾਤਾਰ ਗੂੰਜੀ ਜਾ ਰਹੇ ਹਨ--

ਪਿਛੋਕੜ ਤੋਂ : ਇਨ ਗਰੀਬ ਸਿਖਨ ਕਉ ਦਊਂ ਪਾਤਸ਼ਾਹੀ

**ਫੇਡ-ਆਊਟ**



## ਝਾਕੀ ਨੰਬਰ ਪੰਦਰਾਂ

*ਬੱਚੇ ਤੇ ਟੀਚਰ ਵਾਪਸ ਸਟੇਜ ਤੇ ਆਉਂਦੇ ਹਨ:*

ਟੀਚਰ : ਹਾਂ ਬਈ ਬੱਚਿਓ ਵਾਰੀ ਵਾਰੀ ਇਕ ਇਕ ਦੋ ਦੋ ਸ਼ਬਦਾਂ ਵਿੱਚ ਦੱਸੋ ਤੁਸੀਂ ਬੰਦਾ ਸਿੰਘ ਬਹਾਦਰ ਬਾਰੇ ਕੀ ਜਾਣਿਆਂ?

ਪਹਿਲਾ : ਬੰਦਾ ਸਿੰਘ ਬਹਾਦਰ ਬੜਾ ਬਹਾਦਰ,

ਦੂਜਾ : ਉਹਨਾਂ ਨੇ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲਿਆ

ਤੀਜਾ : ਉਹਨਾਂ ਨੇ ਕਿਸਾਨਾਂ ਨੂੰ ਜ਼ਮੀਨਾਂ ਦਾ ਮਾਲਕ ਬਣਾਇਆ

ਚੌਥਾ : ਉਹਨਾਂ ਨੇ ਆਮ ਲੋਕਾਂ ਨੂੰ ਸਵੈਮਾਣ ਨਾਲ ਜੀਣਾ ਸਿਖਾਇਆ

ਪੰਜਵਾਂ : ਉਹਨਾਂ ਨੇ ਪਹਿਲੇ ਸਿੱਖ ਰਾਜ ਦਾ ਮੁੱਢ ਬੰਨਿਆਂ

ਛੇਵਾਂ : ਸਿੱਖ ਕੌਮ ਨੂੰ ਮੁਗਲਾਂ ਦੇ ਮੁਕਾਬਲੇ ਰਾਜ ਕਰਨ ਦੀ ਆਤਮ ਸ਼ਕਤੀ ਦੇਣ ਵਾਲਾ'

ਟੀਚਰ : ਲਾਉ ਫਿਰ ਜੋਸ਼ ਨਾਲ ਜੈਕਾਰਾ : "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ"

*(ਬੱਚੇ ਪਿਛੇ ਖੜੇ ਹੋ ਜਾਂਦੇ ਹਨ )*

***ਹਨੇਰਾ...ਚਾਨਣ***

ਟੀਚਰ : *(ਲੋਕਾਂ ਨੂੰ ਸਵਾਲ)*

ਅਜੇ ਹੋਰ ਸਵਾਲ ਬਾਕੀ ਹਨ ਤੁਹਾਡੇ ਲਈ:

*(ਅੱਗੇ ਦਿੱਤੇ ਸਵਾਲ ਨਾਟਕ ਦੇ ਪਾਤਰ ਵਾਰੀ ਕਰਦੇ ਹਨ 'ਤੇ ਸਟੇਜ ਤੇ ਖੜੇ ਹੋ ਰਹੇ ਹਨ)*

ਪਹਿਲਾ : ਕੀ ਅੱਜ ਅਸੀਂ ਬੰਦਾ ਸਿੰਘ ਬਹਾਦਰ ਦੇ ਜੀਵਨ ਤੋਂ

ਕੁੱਝ ਸਿੱਖ ਰਹੇ ਹਾਂ?

ਦੂਜਾ : ਕੀ ਅਸੀ ਰਾਜਨੀਤਕਾਂ ਤੇ ਅਖੌਤੀ ਬਾਬਿਆਂ ਦੇ ਹੱਥਾਂ ਵਿਚ ਖੇਡ ਤਾਂ ਨਹੀ ਰਹੇ ?

ਤੀਜਾ : ਕੀ ਸਾਡੀ ਵੋਟ ਸਮਾਜ ਦੇ ਓਹਨਾਂ ਦੁਸ਼ਮਣਾਂ ਦਾ ਸਾਥ ਤਾਂ ਨਹੀਂ ਦੇ ਰਹੀ ਜਿਹਨਾਂ ਸਾਡੀਆਂ ਜ਼ਮੀਰਾਂ ਤੇ ਜ਼ਮੀਨਾਂ ਤੇ ਕਬਜ਼ਾ ਕੀਤਾ ਹੋਇਆ?

ਚੌਥਾ : ਕੀ ਅਸੀਂ ਓਹਨਾਂ ਦੇ ਰਹਿਮ ਤੇ ਤਾਂ ਨਹੀਂ ਪਲ ਰਹੇ ?

ਪੰਜਵਾਂ : ਕੀ ਅਸੀਂ ਅੱਜ ਦੇ ਵਜ਼ੀਰ ਖ਼ਾਨਾਂ ਝੂਠੇ ਨੰਦਾਂ ਵਰਗੀਆਂ ਜੋਕਾਂ ਦੇ ਹੱਥਾਂ ਵਿਚ ਵਿਕ ਤਾਂ ਨਹੀਂ ਚੁੱਕੇ, ਜੋ ਸਾਨੂੰ ਲੁੱਟ ਕੇ ਐਸ਼ਾਂ ਕਰਦੇ ਹਨ?

ਛੇਵਾਂ : ਕੀ ਅੱਜ ਅਸੀ ਬੰਦਾ ਸਿੰਘ ਬਹਾਦਰ ਵਰਗੇ ਮਹਾਨ ਯੋਧੇ ਦੀ ਆਵਾਜ਼ ਨੂੰ ਬੰਦ ਕਰਨ ਲਈ ਉਸ ਨਾਲ ਝੂਠੀਆਂ ਸੱਚੀਆਂ ਕਹਾਣੀਆਂ ਜੋੜ ਕੇ ਗੁੰਮਰਾਹ ਤਾਂ ਨਹੀਂ ਹੋ ਰਹੇ?

ਪਹਿਲਾ : ਆਉ ਕੌਮ ਦੇ ਪਹਿਰੇਦਾਰੋ,
ਸਰਦਾਰੋ, ਨੌਜਵਾਨੋ ਜਾਗੋ,
ਜਾਗੋ ਲੋਕੋ, ਜਾਗੋ ਸਿੰਘੋ, ਜਾਗੋ ਸਿੱਖੋ
ਇਕ ਬੰਦਾ ਸਿੰਘ ਬਹਾਦਰ ਨੇ
ਗੁਰੂ ਗੋਬਿੰਦ ਸਿੰਘ ਦਾ ਥਾਪੜਾ ਲੈ ਕੇ
ਅੱਜ ਤੋਂ ਤਿੰਨ ਸਦੀਆਂ ਪਹਿਲਾਂ
ਜਦੋਂ ਅੱਜ ਦੀ ਗਿਣਤੀ ਬਰੋਬਰ
ਲੋਕ ਵੀ ਨਹੀਂ ਸਨ
ਸਾਧਨ ਵੀ ਨਹੀਂ ਸਨ
ਧੰਨ ਦੌਲਤ ਪੈਸੇ ਵੀ ਨਹੀਂ ਸਨ
ਤਾਂ ਵੀ ਉਸਨੇ
ਮੁਗਲ ਰਾਜ ਨੂੰ ਝੰਜੋੜ ਕੇ ਰੱਖ ਦਿੱਤਾ
ਆਮ ਤੇ ਥੋੜੇ ਜਿਹੇ ਲੋਕਾਂ ਦੀ ਫੌਜ ਤਿਆਰ ਕਰਕੇ
ਆਪ ਜੰਗੀ ਹਮਲੇ ਕਰਕੇ...--
ਮੁਗਲਾਂ ਤੇ ਜਿੱਤ ਪ੍ਰਾਪਤ ਕੀਤੀ



"ਸਿੱਖ ਰਾਜ" ਜਾਣੀ ਕੇ "ਹਲੇਮੀ ਦਾ ਲੋਕ ਰਾਜ"
ਕਾਇਮ ਕੀਤਾ
ਲੋਕ ਦਿਲਾਂ ਵਿਚ ਸਵੈਮਾਨ ਭਰਿਆ
ਲੋਕਾਂ ਨੂੰ ਆਤਮ ਵਿਸ਼ਵਾਸ਼ ਨਾਲ ਜੀਣਾ ਸਿਖਾਇਆ
ਲੋਕਾਂ ਵਿਚ ਧਾਰਮਿਕ ਤੇ ਸਖਸ਼ੀ ਆਜ਼ਾਦੀ ਲਈ ਤੜਫ਼ ਪੈਦਾ ਕੀਤੀ
ਮਜ਼ਦੂਰਾਂ ਕਿਸਾਨਾਂ ਨੂੰ ਆਦਰ ਦੇ ਕੇ ਉੱਚਾ ਚੁੱਕਿਆ
ਲੋਕਾਂ ਦੇ ਟੁੱਟ ਚੁੱਕੇ ਹੌਂਸਲੇ ਬੁਲੰਦ ਕੀਤੇ ਕਿਵੇਂ??
ਆਮ ਲੋਕਾਂ ਨੂੰ ਲਾਮਬੰਦ ਕਰਕੇ *(ਬੰਦਾ ਸਿੰਘ ਬਹਾਦਰ ਨੇ)...*

*-ਇਕ ਚੁੱਪ ਤੋਂ ਬਾਅਦ-*

ਪਹਿਲਾ : ਪਰ ਅੱਜ ਫਿਰ ਲੋਕ ਤਾਕਤੋਂ ਹਾਰ ਰਹੀ ਹੈ... ਕਿਉਂ?

ਦੂਜਾ : ਅੱਜ ਮਾਨਵੀ ਮੁੱਲਾਂ ਦੀ ਬੇ-ਕਦਰੀ ਹੋ ਰਹੀ ਹੈ... ਕਿਉਂ?

ਤੀਜਾ : ਧੀਆਂ ਕੁੱਖਾਂ ਵਿਚ ਮਾਰੀਆਂ ਜਾ ਰਹੀਆਂ ਹਨ... ਕਿਉਂ?

ਚੌਥਾ : ਕਿਸਾਨ ਖੇਤਾਂ ਵਿਚ ਫਾਹਾ ਲਾ ਲਾ ਮਰਦੇ ਹਨ... ਕਿਉਂ?

ਪੰਜਵਾਂ : ਨੌਜਵਾਨ ਨਸ਼ਿਆ ਨਾਲ ਮਰਦੇ ਹਨ ਤੇ ਜਾਂ ਡਰੱਗ ਢੋਂਦੇ ਫੱਸਦੇ ਜੇਲ੍ਹਾਂ ਵਿੱਚ ਸੜਦੇ ਮਰਦੇ ਹਨ... ਕਿਉਂ?

ਛੇਵਾਂ : ਤੇ ਅੱਜ ਦੇ ਕਈ ਲੀਡਰ ਅਹਿਲਕਾਰ ਲੋਕਾਂ ਦੇ ਰਾਖੇ ਡੱਰਗ ਦੀ ਤਸਕਰੀ ਕਰਕੇ ਆਪਣੇ ਘਰ ਨੋਟਾਂ ਨਾਲ ਭਰਦੇ ਹਨ...ਕਿਉਂ?

ਸੱਤਵਾਂ : ਪੰਜਾਬ ਜੀਉਂਦਾ ਹੈ ਗੁਰੂਆਂ ਦੇ ਨਾਂ ਤੇ ਅੱਜ ਕਿਉ ਸਹਿਕ ਰਿਹੈ ਨਸ਼ਿਆਂ ਦੇ ਰਾਹ ਤੇ ਕਿਉਂ... ਕਿਉਂ... ਕਿਉਂ???

ਟੀਚਰ : ਸ਼ਾਇਦ ਲੋਕ ਬੰਦਾ ਸਿੰਘ ਬਹਾਦਰ ਦੀ ਬੜ੍ਹਕ ਨੂੰ ਭੁੱਲ ਚੁੱਕੇ ਹਨ!!

ਇਕ ਪਾਤਰ : ਕੀ ਅੱਜ ਆਪਾਂ ਮਿਲਕੇ "ਸਰਹੰਦ" ਫਤਹਿ ਕਰ ਸਕਦੇ?

ਸਾਰੇ : ਕਰ ਸਕਦੇ ਹਾਂ–

ਦੂਜਾ ਪਾਤਰ : ਕੀ ਨਸ਼ਿਆਂ ਦਾ ਦਰਿਆ ਚਲਣਾ ਬੰਦ ਕਰ ਸਕਦੇ ਹਾਂ?

ਸਾਰੇ : ਕਰ ਸਕਦੇ ਹਾਂ–

ਤੀਜਾ ਪਾਤਰ : ਕੀ ਭ੍ਰਿਸ਼ਟਾਚਾਰ ਦਾ ਰਾਹ ਬੰਦ ਕਰ ਸਕਦੇ ਹਾਂ?

ਸਾਰੇ : ਕਰ ਸਕਦੇ ਹਾਂ–

ਚੌਥਾ ਪਾਤਰ : ਕੀ ਤਸਕਰਾਂ ਦਾ ਚਲਨ ਭੰਗ ਕਰ ਸਕਦੇ ਹਾਂ?

ਸਾਰੇ : ਕਰ ਸਕਦੇ ਹਾਂ–

ਪੰਜਵਾਂ ਪਾਤਰ : ਜੇ ਕਰ ਸਕਦੇ ਹਾਂ ਤਾਂ ਗੱਜ ਕੇ ਮੇਰੇ ਨਾਲ ਬੋਲੋ :
ਬੋਲੋ ਸੋ ਨਿਹਾਲ
ਸਤਿ ਸ੍ਰੀ ਅਕਾਲ
ਬੰਦਾ ਸਿੰਘ ਬਹਾਦਰ
ਜ਼ਿੰਦਾਬਾਦ ਜ਼ਿੰਦਾਬਾਦ
ਲੋਕ ਸ਼ਕਤੀ
ਜ਼ਿੰਦਾਬਾਦ ਜ਼ਿੰਦਾਬਾਦ
ਜ਼ਿੰਦਾਬਾਦ ਜ਼ਿੰਦਾਬਾਦ

*... ਪਿਛੋਕੜ ਤੋਂ ਨਾਅਰੇ ਉਭਰਦੇ ਜਾ ਰਹੇ ਹਨ...*

ਇਕ ਪਾਤਰ
ਅੱਗੇ ਹੋ ਕੇ : ਆਵੇ ਫਿਰ ਕੋਈ
ਬੰਦਾ ਸਿੰਘ ਬਹਾਦਰ ਆਵੇ
ਪੰਜ ਤੀਰ ਨਾਲ ਹੋਰ ਲਿਆਵੇ
ਨਾਲ ਕੋਈ ਚੰਗਾ ਸਾਥ ਲਿਆਵੇ
ਨਗਾਰੇ ਤੇ ਫਿਰ ਚੋਟ ਲਗਾਵੇ
ਪੰਜਾਬ ਬਚਾਵੇ ਦੇਸ਼ ਬਚਾਵੇ...

*ਦੂਜਾ ਪਾਤਰ ਅੱਗੇ ਹੋ ਕੇ, ਲੋਕਾਂ ਨੂੰ ਸੰਬੋਧਿਤ ਹੁੰਦਾ ਹੈ:*



ਆਉ... ਆਪਾਂ ਹੀ... ਬੰਦੇ ਬਣ ਜਾਈਏ
ਮਹਾਂ ਨਾਇਕ ਕੋਈ ਮਨ ਵਿੱਚ ਰੱਖ ਕੇ
ਇਨਕਲਾਬ ਦਾ ਨਾਅਰਾ ਲਾਈਏ
ਖ਼ੁਦ ਆਪਣਾ ਪੰਜਾਬ ਬਚਾਈਏ,
ਖ਼ੁਦ ਆਪਣਾ ਦੇਸ਼ ਬਚਾਈਏ

ਸਾਰੇ ਪਾਤਰ : *(ਵਾਰ ਵਾਰ ਪਰਦਾ ਡਿੱਗਣ ਤੱਕ)*
ਖ਼ੁਦ ਆਪਣਾ ਪੰਜਾਬ ਬਚਾਈਏ,
ਖ਼ੁਦ ਆਪਣਾ ਦੇਸ਼ ਬਚਾਈਏ

**ਫੇਡ-ਆਊਟ**

**ਖਤਮ**